ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 17 * Issue 206

Daily Newspaper Monday, October 29, 2018

Tel: 905-793-2202 Fax: 905-793-2282 news@punjabipost.ca

## ਸਾਰੇ ਯਹੂਦੀਆਂ ਨੂੰ ਮਾਰਨਾ ਚਾਹੁੰਦਾ ਸੀ ਸਿਨਾਗੌਗ ਕਤਲੇਆਮ ਨੂੰ ਅੰਜਾਮ ਦੇਣ ਵਾਲਾ ਹਮਲਾਵਰ : ਪੁਲਿਸ

ਪਿਟਸਬਰਗ, 28 ਅਕਤੂਬਰ (ਪੋਸਟ ਬਿਊਰੋ) : ਪਿਟਸਬਰਗ ਸਿਨਾਗੌਗ ਕਤਲੇਆਮ ਵਿੱਚ ਜਿਊਂਦੇ ਬਚੇ ਇੱਕ ਵਿਅਕਤੀ ਨੇ ਐਤਵਾਰ ਨੂੰ ਦੱਸਿਆ ਕਿ ਕਿਸ ਤਰ੍ਹਾਂ ਸਪਲਾਈ ਵਾਲੀ ਕਲੋਸੈੱਟ ਵਿੱਚ ਬੰਦ ਹੋ ਕੇ ਉਸ ਨੇ ਤੇ ਕੁੱਝ ਹੋਰਨਾਂ ਵਿਅਕਤੀਆਂ ਨੇ ਆਪਣੀ ਜਾਨ ਬਚਾਈ।

76 ਸਾਲਾ ਬੈਰੀ ਵਰਬਰ ਨੇ ਦੱਸਿਆ ਕਿ ਉਹ ਕੁੱਝ ਨਹੀਂ ਆਖ ਸਕਦੇ ਕਿਉਂਕਿ ਉਹ ਮੁਸ਼ਕਲ ਨਾਲ ਸਾਹ ਲੈ ਪਾ ਰਿਹਾ ਸੀ। ਐਤਵਾਰ ਨੂੰ ਸਟੇਟ ਤੇ ਫੈਡਰਲ ਸਰਕਾਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੰਦੂਕਧਾਰੀ ਰੌਬਰਟ ਗ੍ਰੈਗਰੀ ਬੌਵਰਜ਼ ਨੇ ਟਰੀ ਆਫ ਲਾਈਫ ਸਿਨਾਗੌਗ ਵਿੱਚ ਚੱਲ ਰਹੀ ਪ੍ਰਾਰਥਨਾ ਸਭਾ ਦੌਰਾਨ ਆਪਣੀ ਏਆਰ-15 ਰਾਈਫਲ ਤੇ ਹੋਰਨਾਂ ਹਥਿਆਰਾਂ ਨਾਲ ਮਾਸੂਮ ਲੋਕਾਂ ਉੱਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਅੱਠ ਪੁਰਸ਼ਾਂ ਤੇ ਤਿੰਨ ਮਹਿਲਾਵਾਂ ਨੂੰ ਮਾਰ ਮੁਕਾਇਆ। ਇਸ ਮਗਰੋਂ ਟੈਕਟੀਕਲ ਪੁਲਿਸ ਟੀਮ ਨੇ ਉਸ ਦਾ ਪਤਾ ਲਾਇਆ ਤੇ ਉਸ ਨੂੰ ਗੋਲੀ ਮਾਰ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ



ਹਮਲਾਵਰ ਨੇ ਬਾਅਦ ਵਿੱਚ ਯਹੂਦੀਆਂ ਪ੍ਰਤੀ ਆਪਣੇ ਮਨ ਵਿੱਚ ਵੱਸੀ ਨਫਰਤ ਦਾ ਇਜ਼ਹਾਰ ਕਰਦਿਆਂ ਆਖਿਆ ਕਿ ਇਹ ਸਾਰੇ ਯਹੂਦੀ ਮਾਰੇ ਜਾਣੇ ਚਾਹੀਦੇ ਹਨ। ਚਾਰ ਅਧਿਕਾਰੀਆਂ ਸਮੇਤ ਛੇ ਲੋਕ ਇਸ ਹਮਲੇ ਵਿੱਚ ਜ਼ਖ਼ਮੀ ਹੋ ਗਏ।

ਸ਼ਹਿਰ ਵਿੱਚ ਯਹੂਦੀ ਕਮਿਊਨਿਟੀ ਦੇ ਗੜ੍ਹ ਮੰਨੇ ਜਾਂਦੇ ਤੇ ਡਾਊਨਟਾਊਨ ਪਿਟਸਬਰਗ ਤੋਂ 10 ਮਿੰਟ ਦੀ ਦੂਰੀ ਉੱਤੇ ਸਥਿਤ ਸਕੁਅਰਲ ਹਿੱਲ ਇਲਾਕੇ ਦੇ ਰਿਹਾਇਸ਼ੀ ਏਰੀਏ ਵਿੱਚ ਚੱਲ ਰਹੀ ਪ੍ਰਾਰਥਨਾ ਸਭਾ ਵਿੱਚ ਇਹ ਹਮਲਾ ਸਵੇਰੇ 10:00 ਵਜੇ ਤੋਂ ਠੀਕ ਪਹਿਲਾਂ ਹੋਇਆ। ਐਤਵਾਰ ਰਾਤ ਨੂੰ ਪਿਟਸਬਰਗ ਵਿੱਚ ਰੱਖੀ ਵਿਜਿਲ ਵਿੱਚ ਗੱਲ ਕਰਦਿਆਂ ਟਰੀ ਆਫ ਲਾਈਫ ਰੱਬੀ ਜੈਫਰੀ ਮਾਇਰਜ਼ ਨੇ ਆਖਿਆ ਕਿ ਸਿਨਾਗੌਗ ਦੀ ਮੁੱਖ ਸੈਂਕਚਰੀ ਵਿੱਚ ਦਰਜਨਾਂ ਲੋਕ ਇੱਕਠੇ ਹੋਏ ਸਨ

...ਬਾਕੀ ਪੰਨਾ 6 ’ਤੇ

### ਪੰਜਾਬੀ ਪੋਸਟ ਵਿਸ਼ੇਸ਼

## ਸਿਸਟਮ ਕਿਉਂ ਅਣਸੁਖਾਵਾਂ ਮਹਿਸੂਸ ਕਰ ਰਿਹਾ ਹੈ ਜਗਮੀਤ ਸਿੰਘ ਤੋਂ ?



ਪਿਛਲੇ ਸਾਲ ਇੱਕ ਸਾਬਤ ਸੂਰਤ ਸਿੱਖ ਜਗਮੀਤ ਸਿੰਘ ਦਾ ਕੈਨੇਡਾ ਦੀ ਕੌਮੀ ਸਿਆਸੀ ਪਾਰਟੀ ਦਾ ਆਗੂ ਚੁਣਿਆ ਜਾਣਾ ਇਤਿਹਾਸਕ ਗੱਲ ਸੀ। ਇੱਕ ਸਾਲ ਦੇ ਅਰਸੇ ਬਾਅਦ ਹੁਣ ਇੰਝ ਜਾਪਦਾ ਹੈ ਕਿ ਸੱਜੇ, ਖੱਬੇ, ਅਤੇ ਇੱਧਰ ਉੱਧਰ ਚਾਰੇ ਪਾਸੇ ਤੋਂ ਇੱਕ ਲਹਿਰ ਚੱਲ ਪਈ ਹੈ ਜੋ ਜਗਮੀਤ ਸਿੰਘ ਨੂੰ ਨਿਸ਼ਾਨ ਬਣਾ ਰਹੀ ਹੈ। ਇੱਕ ਅਜਿਹਾ ਮਾਹੌਲ ਹੈ ਜਿਸਨੂੰ ਉਸਾਰਨ ਵਿੱਚ ਵੱਖ ਵੱਖ ਧਿਰਾਂ ਕੰਮ ਕਰ ਰਹੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਜਗਮੀਤ ਸਿੰਘ ਨੂੰ ਕੁੱਝ ਕਰ ਗੁਜ਼ਰਨ ਦਾ ਵਕਤ ਦੇਣ ਦੀ ਥਾਂ ਵਿਅਕਤੀਗਤ ਰੂਪ ਵਿੱਚ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜੇ ਅਮਰੀਕਾ ਵਰਗੇ ਕਿਸੇ ਮੁਲਕ ਵਿੱਚ ਕਿਸੇ ਵਿਅਕਤੀ ਵਿਸ਼ੇਸ਼ ਬਾਰੇ ਅਜਿਹੀ ਮੁਹਿੰਮ ਚਲਾਈ ਗਈ ਹੁੰਦੀ ਤਾਂ ਇਸਨੂੰ ਹੁਣ ਤੱਕ ਸਾਜ਼ਸ਼ (conspiracy) ਦਾ ਨਾਮ ਦਿੱਤਾ ਜਾ ਚੁੱਕਿਆ ਹੋਣਾ ਸੀ।

...ਬਾਕੀ ਪੰਨਾ 6 ’ਤੇ

## ਟਰੂਡੋ ਨੇ ਚਾਰਾਂ ਵਿੱਚੋਂ ਸਿਰਫ ਇੱਕ ਸੀਟ ਲਈ ਜ਼ਿਮਨੀ ਚੋਣਾਂ ਦਾ ਕੀਤਾ ਐਲਾਨ

ਓਟਵਾ, 28 ਅਕਤੂਬਰ (ਪੋਸਟ ਬਿਊਰੋ) : ਇਲੈਕਸ਼ਨ ਕੈਨੇਡਾ ਵੱਲੋਂ ਓਨਟਾਰੀਓ ਦੇ ਲੀਡਜ਼-ਗ੍ਰੈਨਵਿੱਲੇ-ਥਾਊਜ਼ੈਂਡ ਆਈਲੈਂਡਜ਼ ਅਤੇ ਰਿਡਿਊ ਲੇਕਜ਼ ਇਲਾਕੇ ਲਈ ਫੈਡਰਲ ਜ਼ਿਮਨੀ ਚੋਣਾਂ ਦੀ ਤਰੀਕ ਦਾ ਐਲਾਨ ਕਰ ਦਿੱਤਾ ਗਿਆ ਹੈ।



ਇਹ ਜ਼ਿਮਨੀ ਚੋਣ 3 ਦਸੰਬਰ ਦਿਨ ਸੋਮਵਾਰ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਮਈ ਵਿੱਚ ਆਪਣੇ ਪਾਰਲੀਆਮੈਂਟ ਹਿੱਲ ਸਥਿਤ ਆਫਿਸ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਲੰਮਾਂ ਸਮਾਂ ਕੰਜ਼ਰਵੇਟਿਵ ਐਮਪੀ ਰਹੇ ਗੌਰਡ ਬ੍ਰਾਊਨ ਦੀ ਮੌਤ ਤੋਂ ਬਾਅਦ ਇਹ ਸੀਟ ਖਾਲੀ ਹੋਈ ਸੀ। ਸਰਕਾਰ ਕੋਲ ਇਸ ਸਬੰਧ ਵਿੱਚ ਤਰੀਕ ਐਲਾਨਣ ਲਈ ਮੰਗਲਵਾਰ ਤੱਕ ਦਾ ਸਮਾਂ ਸੀ। ਦੇਸ਼ ਦੇ ਕੁੱਝ ਹੋਰ ਹਲਕੇ ਹਨ ਹਾਊਸ ਆਫ ਕਾਮਨਜ਼ ਵਿੱਚ ਜਿਨ੍ਹਾਂ ਦੀ ਨੁਮਾਇੰਦਗੀ ਕਿਸੇ ਵੱਲੋਂ ਨਹੀਂ ਕੀਤੀ ਜਾ ਰਹੀ।

...ਬਾਕੀ ਪੰਨਾ 6 ’ਤੇ

## ਬਰੈਂਪਟਨ ਵਿੱਚ ਹੋਈ ਲੜਾਈ ਦੌਰਾਨ 16 ਸਾਲਾ ਲੜਕਾ ਜ਼ਖ਼ਮੀ



ਬਰੈਂਪਟਨ, 28 ਅਕਤੂਬਰ (ਪੋਸਟ ਬਿਊਰੋ) : ਸ਼ੁੱਕਰਵਾਰ ਰਾਤ ਨੂੰ ਬਰੈਂਪਟਨ ਦੇ ਰਿਹਾਇਸ਼ੀ ਇਲਾਕੇ ਵਿੱਚ ਹੋਏ ਝਗੜੇ ਦੌਰਾਨ ਇੱਕ 16 ਸਾਲਾ ਲੜਕੇ ਉੱਤੇ ਚਾਕੂ ਨਾਲ ਹਮਲਾ ਕੀਤਾ ਗਿਆ। ਇਸ ਹਮਲੇ ਵਿੱਚ ਇਹ ਲੜਕਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਆਂਦਾ ਗਿਆ। ਰਾਤੀਂ 10:30 ਵਜੇ ਜਦੋਂ ਪੈਰਾਮੈਡਿਕਸ ਕੁਈਨ ਸਟਰੀਟ ਈਸਟ ਤੇ ਹਾਈਵੇਅ 410 ਦੇ ਏਰੀਆ ਵਿੱਚ ਹੈਗੀ ਰੋਡ ਪਹੁੰਚੇ ਤਾਂ ਉੱਥੇ ਉਨ੍ਹਾਂ 16 ਸਾਲਾ ਲੜਕੇ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਪਾਇਆ। ਉਸ ਨੂੰ ਫੌਰਨ ਸੰਨੀਬਰੁੱਕ ਹਸਪਤਾਲ ਲਿਜਾਇਆ ਗਿਆ। ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਦੇ ਬੁਲਾਰੇ ਅਨੁਸਾਰ ਇਹ ਛੁਰੇਬਾਜ਼ੀ 50 ਲੋਕਾਂ ਵਿਚਾਲੇ ਹੋਈ ਲੜਾਈ ਦੌਰਾਨ ਵਾਪਰੀ।

Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Bed Bug Control
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME | AUTO
BUSINESS | TRUCKING
R.E.S.P | COMMERCIAL
CONNEX Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axael Insurance Brokers Ltd.

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination 5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

• SUPER VISA INSURANCE
• VISITOR VISA INSURANCE
• TRAVEL INSURANCE
• STUDENT INSURANCE
• NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
• Immigration • Real Estate
• Family Law • Business Closing
• Corporate • Wills & Estate
• Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755 www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

ਕੰਮ - ਕੰਮ - ਕੰਮ
ਇੱਕ ਕੰਪਣੀ ਨੂੰ ਕੰਮ ਵਾਸਤੇ ਲੜਕੇ-ਲੜਕੀਆਂ ਦੀ ਜ਼ਰੂਰਤ ਹੈ, Basic computer ਦੀ knowledge ਹੋਵੇ.
Contact: 416-302-3600

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axael Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes
Bed Bugs, Spider, Beetle
& Cockroaches Control
SAME DAY SERVICE &
100% SATISFACTION GUARANTEED
(Insured & Licensed)
Discount For Seniors Single Mothers & Students
CALL FOR FREE ESTIMATES :
647-515-8000
ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

## ਮੂੰਹੋ ਬੋਲਦੀ ਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops

100% Satisfaction On Time




### We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

jobs! jobs! jobs! jobs! jobs!

DUNDAS·JAFINE

## HELP WANTED
### ਕਾਮਿਆਂ ਦੀ ਲੋੜ
**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)

ੴ ਸਤਿਗੁਰ ਪ੍ਰਸਾਦਿ

## ਗੁਰੁਦੁਆਰਾ ਸਿੱਖ ਸਪਿਰਚੂਅਲ ਸੈਂਟਰ, ਰੈਕਸਡੇਲ

# ਬਰਸੀ ਸਮਾਗਮ

### ਧੰਨ ਧੰਨ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ

ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁਸ਼ਿਆਰਪੁਰ ਦੀ ਸਮੂਹ ਸਾਧ ਸੰਗਤ ਵਲੋਂ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੇ ਬਰਸੀ ਸਮਾਗਮ ਕਰਵਾਏ ਜਾ ਰਹੇ ਹਨ। ਇਹ ਬਰਸੀ ਸਮਾਗਮ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ ਹੋਣਗੇ। ਜਿਸ ਦੇ ਸੰਦਰਭ ਵਿੱਚ 16 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 18 ਨਵੰਬਰ ਦਿਨ ਐਤਵਾਰ ਸਵੇਰੇ 10 ਵਜੇ ਭੋਗ ਪੈਣਗੇ, ਉਪਰੰਤ ਦਰਬਾਰ ਸਜਾਏ ਜਾਣਗੇ, ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਵੇਗਾ।
ਸਮੂਹ ਹੁਸ਼ਿਆਰਪੁਰ ਇਲਾਕਾ ਨਿਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਦੀ ਹੈ ਕਿ ਇਸ ਸਮਾਗਮ ਵਿੱਚ ਹੁੰਮ ਹੁਮਾ ਕੇ ਪਹੁੰਚੋ ਜੀ

**9 Carrier Drive Toronto, ON M9V 4B2**

ਜਿਆਦਾ ਜਾਣਕਾਰੀ ਲਈ ਰਾਜੀਵ ਸਿੰਘ 647 280 6041
ਸੁਰਿੰਦਰ ਸਿੰਘ ਗਿੱਲ 416 677 4455
ਮਹਿੰਦਰ ਸਿੰਘ ਜੱਜ 647 296 4851 ਤੇ ਸੰਪਰਕ ਕਰੋ

chatr MOBILE

NOW GET
~~4GB~~ 5GB DATA
ON OUR $45/MO. PLAN
AUTO-PAY BONUS

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਕਹਿੰਦਾ ਮੋਦੀ ਨੂੰ ਯਾਰ ਟਰੰਪ ਰਹਿੰਦਾ,
ਉਸ ਮੰਨੀ ਨਹੀਂ ਮੋਦੀ ਦੀ ਗੱਲ ਬੇਲੀ।
ਛੱਬੀ ਜਨਵਰੀ ਲਈ ਸੱਦਾ ਭੇਜਿਆ ਸੀ,
ਚੱਕਰ ਮਾਰ ਜਾਹ ਭਾਰਤ ਦੇ ਵੱਲ ਬੇਲੀ।
ਮੰਨਿਆ ਹੁੰਦਾ ਤਾਂ ਚੋਣ ਪ੍ਰਚਾਰ ਅੰਦਰ,
ਮੋਦੀ ਆਖਦਾ, ਮਾਰ ਲਈ ਮੱਲ ਬੇਲੀ।
ਦਿੱਤੀ ਸਾਫ ਇਨਕਾਰ ਲਈ ਭੇਜ ਚਿੱਠੀ,
ਵਰਤਣੀ ਮਿਲੀ ਨਾ ਮੋਦੀ ਨੂੰ ਭੱਲ ਬੇਲੀ।
ਕੱਚੀ ਯਾਰੀ ਜਾਂ ਵੱਢ ਜਿਹਾ ਛੋਲਿਆਂ ਦਾ,
ਨਿਭਿਆ ਲੋੜ ਦੇ ਵਕਤ ਨਾ ਨਾਲ ਬੇਲੀ।
ਜਿਹੜਾ ਰੰਗ ਦੇ ਯੱਕੇ ਜਿਉਂ ਕੰਮ ਆਵੇ,
ਲੈਣਾ ਹੋਰ ਕੋਈ ਏਹੋ ਜਿਹਾ ਭਾਲ ਬੇਲੀ।

**ਤੀਸ ਮਾਰ ਖਾਂ**

# ਡਾ. ਬਲਜਿੰਦਰ ਸੇਖੋਂ ਪੀਲ ਮਲਟੀਕਲਚਰਲ ਕਾਉਂਸਲ ਦੇ ਪ੍ਰਧਾਨ ਥਾਪੇ ਗਏ

ਮਿਸੀਸਾਗਾ ਪੋਸਟ ਬਿਊਰੋ: ਬਰੈਂਪਟਨ ਵਿੱਚ ਵੱਸਦੀ ਪੰਜਾਬੀ ਕਮਿਊਨਿਟੀ ਦੇ ਸੋਸ਼ਲ ਕਰਮੀ ਅਤੇ ਜਾਣੇ ਪਹਿਚਾਣੇ ਹਸਤਾਖਰ ਬਲਜਿੰਦਰ ਸਿੰਘ ਸੇਖੋਂ ਕੈਨੇਡਾ ਵਿੱਚ ਨਵੇਂ ਆਏ ਪਰਵਾਸੀਆਂ ਦੀ ਸਥਾਪਤੀ ਲਈ ਪਿਛਲੇ 40 ਸਾਲਾਂ ਤੋਂ ਵੱਧ ਸੈਟਲਮੈਂਟ ਸੇਵਾਵਾਂ ਪ੍ਰਦਾਨ ਕਰਦੀ ਆ ਰਹੀ ਪੀਲ ਮਲਟੀਕਲਚਰਲ ਕਾਉਂਸਲ (ਪੀ ਐਮ ਸੀ) ਦੇ ਪ੍ਰਧਾਨ ਥਾਪੇ ਗਏ ਹਨ। ਉਹਨਾਂ ਦੀ ਨਿਯੁਕਤੀ ਬੀਤੇ ਦਿਨੀਂ ਪੀ ਐਮ ਸੀ ਦੇ ਸਾਲਾਨਾ ਇਜਲਾਸ ਦੌਰਾਨ ਬੋਰਡ ਆਫ ਡਾਇਰੈਕਟਰਜ਼ ਵੱਲੋਂ ਬਿਨਾ ਮੁਕਾ-ਬਲਾ ਕੀਤੀ ਗਈ। ਉਹਨਾਂ ਤੋਂ ਇਲਾਵਾ ਕਮਿਊਨਿਟੀ ਆਗੂ ਰਾਜ ਝੱਜ, ਚੀਨੀ ਭਾਈਚਾਰੇ ਦੇ ਆਗੂ ਐਰਿਕ ਵੈਂਗ, ਫਰੈਂਚ ਕਮਿਊਨਿਟੀ ਦੀ ਕਾਰਜਕਰਤਾ ਸੀਲੀਨਾ ਜੇਕੁਏਸ ਅਤੇ ਕਾਰਜਕਰਮੀ ਸ਼ਫਾਕਤ ਅਲੀ ਨੂੰ ਡਾਇਰੈਕਟਰਾਂ ਵੱਜੋਂ ਨਿਯੁਕਤ ਕੀਤਾ ਗਿਆ।



ਪੀ ਐਮ ਸੀ ਦੇ ਸਾਲਾਨਾ ਇਜਲਾਸ ਵਿੱਚ ਮਿਸੀਸਾਗਾ ਦੀ ਮੇਅਰ ਬੌਨੀ ਕਰੌਂਬੀ, ਕਾਉਂਸਰਲ ਰੌਨ ਸਟਾਰ, ਪੈਟ ਸੇਟੋ, ਐਮ ਪੀ ਪੀ ਨੀਨਾ ਟਾਂਗੜੀ ਨੇ ਵਿਸ਼ੇਸ਼ ਕਰਕੇ ਭਾਗ ਲਿਆ। ਨਵੇਂ ਚੁਣੇ ਗਏ ਪ੍ਰਧਾਨ ਡਾਕਟਰ ਸੇਖੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ 25 ਸਾਲ ਤੱਕ ਪ੍ਰੋਫੈਸਰ ਵਜੋਂ ਪੜਾਇਆ ਹੈ। ਉਹ ਨੌਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਇਸ ਮੌਕੇ ਸੰਸਥਾ ਦੇ ਵਾਲੰਟੀਅਰਾਂ ਦਾ ਸਨਮਾਨ ਕੀਤਾ ਗਿਆ। ਆਏ ਮਹਿਮਾਨਾਂ ਦਾ ਸੰਸਥਾ ਦੇ ਐਗਜ਼ੈਕਟਿਵ ਡਾਇਰੈਕਟਰ ਨਵੀਦ ਚੌਧਰੀ ਨੇ ਧੰਨਵਾਦ ਕੀਤਾ। ਪੀ ਐਮ ਸੀ ਦੀ ਸਥਾਪਨਾ 1977 ਵਿੱਚ ਹੋਈ ਸੀ।

# ਅਮਰੀਕੀ ਰਾਸ਼ਟਰਪਤੀ ਟਰੰਪ ਨੇ ਮੋਦੀ ਦਾ 26 ਜਨਵਰੀ ਦੇ ਜਸ਼ਨ ਦਾ ਸੱਦਾ ਠੁਕਰਾਇਆ

ਨਵੀਂ ਦਿੱਲੀ, 28 ਅਕਤੂਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨ-ਾਲਡ ਟਰੰਪ ਨੇ ਅਗਲੇ ਸਾਲ 2019 ਦੇ ਗਣਤੰਤਰ ਦਿਵਸ ਸਮਾਰੋਹ ਲਈ ਮੁੱਖ ਮਹਿਮਾਨ ਬਣਨ ਲਈ ਭਾਰਤ ਵਲੋਂ ਭੇਜਿਆ ਹੋਇਆ ਸੱਦਾ ਠੁਕਰਾ ਦਿੱਤਾ ਤੇ 26 ਜਨਵਰੀ ਨੂੰ ਭਾਰਤ ਨਾ ਆਉਣ ਦਾ ਕਾਰਨ ਆਪਣਾ ਬਿਜ਼ੀ ਸ਼ੈਡਿਊਲ ਦੱਸਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਡੋਨਾਲਡ ਟਰੰਪ ਦੇ ਭਾਰਤ ਨਾ ਆਉਣ ਦਾ ਮੁੱਖ ਕਾਰਨ ਭਾਵੇਂ ਉਨ੍ਹਾਂ ਦੇ ਕੁਝ ਸਿਆਸੀ ਰੁਝੇਵੇਂ ਅਤੇ ਸਟੇਟ ਆਫ ਯੂਨੀਅਨ ਨੂੰ ਸੰਬੋਧਤ ਕਰਨਾ ਦੱਸਿਆ ਗਿਆ ਹੈ, ਪਰ ਇਹ ਭਾਰਤ ਵਿੱਚ ਚੋਣਾਂ ਦੀ ਸ਼ੁਰੂਆਤ ਦਾ ਕਾਰਨ ਵੀ ਹੋ ਸਕਦਾ ਹੈ। ਅਮਰੀਕੀ ਅਧਿਕਾਰੀਆਂ ਨੇ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੂੰ ਇਕ ਪੱਤਰ ਦਿੱਤਾ ਹੈ, ਜਿਸ ਵਿਚ ਟਰੰਪ ਨੇ ਭਾਰਤ ਨਾ ਆ ਸਕਣ ਉਤੇ ਦੁੱਖ ਪ੍ਰਗਟਾਇਆ ਹੈ। ਟਰੰਪ ਦਾ



ਇਹ ਫੈਸਲਾ ਓਦੋਂ ਆਇਆ ਹੈ, ਜਦੋਂ ਭਾਰਤ ਤੇ ਰੂਸ ਵਿਚਾਲੇ ਹਥਿਆਰਾਂ ਦੇ ਸੌਦੇ ਉਤੇ ਅਮਰੀਕਾ ਨੇ ਇਤਰਾਜ਼ ਕੀਤਾ ਸੀ। ਭਾਰਤ-ਰੂਸ ਵਿਚਾਲੇ ਐੱਸ-400 ਏਅਰ ਡਿਫੈਂਸ ਸਿਸਟਮ ਦੀ ਡੀਲ ਤੋਂ ਪਹਿਲਾਂ ਅੰਦਾਜ਼ੇ ਲੱਗ ਰਹੇ ਸਨ ਕਿ ਟਰੰਪ 26 ਜਨਵਰੀ ਨੂੰ ਭਾਰਤ ਆ ਸਕਦੇ ਹਨ, ਪਰ ਉਦੋਂ ਵੀ ਵ੍ਹਾਈਟ ਹਾਊਸ ਨੇ ਬਿਆਨ ਜਾਰੀ ਕੀਤਾ ਸੀ ਕਿ ਟਰੰਪ ਗਣਤੰਤਰ ਦਿਵਸ ਦੇ ਮੌਕੇ ਭਾਰਤ ਜਾਣਗੇ ਜਾਂ ਨਹੀਂ, ਇਸ ਬਾਰੇ ਅਜੇ ਤਕ ਫੈਸਲਾ ਨਹੀਂ ਲਿਆ ਗਿਆ।

# ਮੋਦੀ ਤੇ ਸ਼ਿੰਜੋ ਐਬੇ ਦੀ ਅੱਠ ਘੰਟੇ ਲੰਮੀ ਗ਼ੈਰ-ਰਸਮੀ ਵਾਰਤਾ

ਯਾਮਾਨਾਸ਼ੀ, 28 ਅਕਤੂਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਜਪਾਨੀ ਪ੍ਰਧਾਨ ਮੰਤਰੀ ਸ਼ਿੰਜੋ ਐਬੇ ਨੇ ਮਾਊਂਟ ਫੂਜੀ ਨੇੜਲੇ ਰਿਜ਼ੋਰਟ ਵਿੱਚ ਅੱਜ ਗ਼ੈਰ-ਰਸਮੀ ਗੱਲਬਾਤ ਕੀਤੀ। ਉਨ੍ਹਾਂ ਐਤਵਾਰ ਨੂੰ ਰੋਬੋਟ ਬਣਾਉਣ ਵਾਲੀ ਫੈਕਟਰੀ ਦਾ ਦੌਰਾ ਵੀ ਕੀਤਾ। ਦੋ ਦਿਨਾ ਸਿਖਰ ਵਾਰਤਾ ਦੇ ਪਹਿਲੇ ਦਿਨ ਦੋਵੇਂ ਆਗੂਆਂ ਨੇ ਕਰੀਬ ਅੱਠ ਘੰਟੇ ਇਕੱਠਿਆਂ ਗੁਜ਼ਾਰੇ। ਮੋਦੀ ਏਥੇ ਭਾਰਤ-ਜਪਾਨ ਸਾਲਾਨਾ ਸਿਖਰ ਵਾਰਤਾ ਲਈ ਕੱਲ੍ਹ ਸ਼ਾਮ ਹੀ ਪੁੱਜੇ ਸਨ।



ਇਸ ਦੌਰਾਨ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਐਬੇ ਨੇ ਟੋਕੀਓ ਦੇ ਪੱਛਮ ਵਿੱਚ ਖ਼ੂਬਸੂਰਤ ਯਾਮਾਨਾਸ਼ੀ ਦੇ ਹੋਟਲ ਮਾਊਂਟ ਫੂਜੀ ਵਿੱਚ ਮੋਦੀ ਦਾ ਸਵਾਗਤ ਕੀਤਾ। ਦੋਵੇਂ ਆਗੂਆਂ ਨੇ ਬਾਗ ਦਾ ਗੇੜਾ ਕੱਟਿਆ, ਜਿਸ ਪਿੱਛੋਂ ਐਬੇ ਨੇ ਦੁਪਹਿਰ ਦੇ ਖਾਣੇ ਦੀ ਮੇਜ਼ਬਾਨੀ ਕੀਤੀ। ਨਰਿੰਦਰ ਮੋਦੀ ਨੇ ਐਬੇ ਨੂੰ ਦੋ ਖ਼ੂਬਸੂਰਤ ਪਿਆਲੇ ਤੇ ਰਾਜਸਥਾਨ ਦੀਆਂ ਬੁਣੀਆਂ ਦਰੀਆਂ ਅਤੇ ਲੱਕੜ ਦਾ ਬਣਿਆ ਜੋਧਪੁਰੀ ਬਕਸਾ ਭੇਟ ਕੀਤਾ। ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਟਵੀਟ ਕਰਕੇ ਦੱਸਿਆ ਕਿ ਬਾਅਦ ਵਿੱਚ ਦੋਵੇਂ ਪ੍ਰਧਾਨ ਮੰਤਰੀਆਂ ਨੇ ਐਫ ਏ ਐਨ ਯੂ ਸੀ ਕਾਰਪੋਰੇਸ਼ਨ ਦਾ ਦੌਰਾ ਕੀਤਾ ਤੇ ਰੋਬੋਟ ਬਣਨ ਦੇ ਤਰੀਕਿਆਂ ਦੀ ਜਾਣਕਾਰੀ ਹਾਸਲ ਕੀਤੀ। ਸ਼ਾਮ ਨੂੰ ਸ਼ਿੰਜੋ ਐਬੇ ਨੇ ਆਪਣੀ ਨਿੱਜੀ ਰਿਹਾਇਸ਼ ਉਤੇ ਮੋਦੀ ਲਈ ਰਾਤ ਦਾ ਖਾਣਾ ਦਿੱਤਾ। ਇਹ ਪਹਿਲੀ ਵਾਰ ਹੈ ਕਿ ਸ਼ਿੰਜੋ ਐਬੇ ਨੇ ਕਿਸੇ ਵਿਦੇਸ਼ੀ ਮਹਿਮਾਨ ਨੂੰ ਆਪਣੀ ਛੁੱਟੀਆਂ ਬਿਤਾਉਣ ਵਾਲੀ ਰਿਹਾਇਸ਼ ਉੱਤੇ ਸੱਦਾ ਦਿੱਤਾ ਹੈ।

# ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਦੀਆਂ ਨਰਿੰਦਰ ਮੋਦੀ ਵੱਲੋਂ ਸਿਫਤਾਂ

ਨਵੀਂ ਦਿੱਲੀ, 28 ਅਕਤੂਬਰ, (ਪੋਸਟ ਬਿਊਰੋ)- ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਵਿੱਚ ਵਧਦੇ ਪ੍ਰਦੂਸ਼ਣ ਦੀ ਚਰਚਾ ਦੌਰਾਨ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਰਾਲੀ ਨਾ ਸਾੜਨ ਵਾਲੇ ਪੰਜਾਬ ਦੇ ਕਿਸਾਨਾਂ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਜਦੋਂ ਦੁਨੀਆ ਵਾਲੇ, ਖਾਸ ਕਰਕੇ ਪੱਛਮੀ ਦੇਸ਼ ਵਾਤਾਵਰਨ ਸੁਰੱਖਿਆ ਬਾਰੇ ਨਵੇਂ ਰਾਹ ਲੱਭਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਤਾਂ ਭਾਰਤ ਨੂੰ ਵੀ ਇਸ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਰੇਡੀਓ ਉੱਤੇ ਆਪਣੇ ਹਰ ਮਹੀਨੇ ਵਾਲੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਨਰਿੰਦਰ ਮੋਦੀ ਨੇ ਉੱਤਰ ਪੂਰਬੀ ਰਾਜਾਂ ਦੀ ਜੈਵਿਕ ਖੇਤੀ ਵਿੱਚ ਵੱਡੀ ਪੁਲਾਂਘ ਪੁੱਟਣ ਲਈ ਸ਼ਲਾਘਾ ਕੀਤੀ। ਉਨ੍ਹਾਂ ਪੰਜਾਬ ਦੇ ਕਿਸਾਨ ਗੁਰਬਚਨ ਸਿੰਘ ਦਾ ਉਚੇਚਾ ਜ਼ਿਕਰ ਕਰਦਿਆਂ ਕਿਹਾ ਕਿ ਉਸ ਨੇ ਆਪਣੇ ਹੋਣ ਵਾਲੇ ਸਹੁਰਾ ਪਰਿਵਾਰ ਤੋਂ ਇਹ ਪ੍ਰਣ ਲਿਆ ਹੈ ਕਿ ਉਹ ਆਪਣੇ ਖੇਤ ਵਿੱਚ ਪਰਾਲੀ ਨਹੀਂ ਸਾੜਨਗੇ। ਮੋਦੀ ਨੇ ਕਿਹਾ ਕਿ ਇਸ ਬਿਆਨ ਨਾਲ ਸਮਾਜਿਕ ਤਾਣੇ-ਬਾਣੇ ਦੇ ਮਜ਼ਬੂਤ ਹੋਣ ਦਾ ਪਤਾ ਲੱਗਾ ਹੈ। ਗੁਰਬਚਨ ਸਿੰਘ ਦਾ ਇਹ ਨੁਕਤਾ ਭਾਵੇਂ ਸਾਧਾਰਨ ਜਾਪਦਾ ਹੈ, ਪਰ ਇਸ ਤੋਂ ਉਸ ਦੀ ਸ਼ਖ਼ਸੀਅਤ ਝਲਕਦੀ ਹੈ। ਸਮਾਜ ਵਿੱਚ ਕਈ ਪਰਿਵਾਰ ਮਿਲ ਜਾਣਗੇ, ਜੋ ਨਿੱਜੀ ਮੌਕਿਆਂ ਨੂੰ ਸਮਾਜ ਭਲਾਈ ਲਈ ਵਰਤਦੇ ਹਨ।' ਉਨ੍ਹਾਂ ਕਿਹਾ ਕਿ ਪੰਜਾਬ ਦੇ ਨਾਭਾ ਜ਼ਿਲ੍ਹੇ ਦੇ ਕੱਲਰ ਮਾਜਰਾ ਦੇ ਕਿਸਾਨ ਪਰਾਲੀ ਨੂੰ ਖੇਤਾਂ ਵਿੱਚ ਵਾਹ ਕੇ ਨਵੀਂ ਮਿਸਾਲ ਪੇਸ਼ ਕਰ ਰਹੇ ਹਨ। ਭਾਈ ਗੁਰ-ਬਚਨ ਸਿੰਘ ਜੀ ਨੂੰ ਵਧਾਈ! ਕੱਲਰ ਮਾਜਰਾ ਦੇ ਉਨ੍ਹਾਂ ਲੋਕਾਂ ਨੂੰ ਵੀ ਵਧਾਈਆਂ, ਜੋ ਵਾਤਾਵਰਨ ਨੂੰ ਸਾਫ ਅਤੇ ਪ੍ਰਦੂਸ਼ਣ ਮੁਕਤ ਰੱਖਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਜਿਵੇਂ ਬੂੰਦ-ਬੂੰਦ ਨਾਲ ਸਾਗਰ ਬਣਦਾ ਹੈ, ਉਸੇ ਤਰ੍ਹਾਂ ਛੋਟਾ ਜਿਹਾ ਚੁੱਕਿਆ ਗਿਆ ਉਸਾਰੂ ਕਦਮ ਵਾਤਾਵਰਨ ਨੂੰ ਬਚਾਉਣ 'ਚ ਅਹਿਮ ਭੂਮਿਕਾ ਨਿਭਾ ਸਕਦਾ ਹੈ।'

# ਕਾਂਗਰਸ ਆਗੂ ਸ਼ਸ਼ੀ ਥਰੂਰ ਨੇ ਮੋਦੀ ਨੂੰ ਸ਼ਿਵਲਿੰਗ 'ਤੇ ਬੈਠਾ ਬਿੱਛੂ ਕਹਿ ਦਿੱਤਾ

ਬੰਗਲੌਰ, 28 ਅਕਤੂਬਰ, (ਪੋਸਟ ਬਿਊਰੋ)- ਕਾਂਗਰਸ ਆਗੂ ਸ਼ਸ਼ੀ ਥਰੂਰ ਨੇ ਐਤਵਾਰ ਨੂੰ ਇਹ ਕਹਿ ਕੇ ਨਵਾਂ ਵਿਵਾਦ ਛੇੜ ਦਿੱਤਾ ਕਿ ਆਰ ਐੱਸ ਐੱਸ ਦੇ ਇਕ ਨੇਤਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤੁਲਨਾ ਸ਼ਿਵਲਿੰਗ ਉਤੇ ਬੈਠੇ ਹੋਏ ਬਿੱਛੂ ਨਾਲ ਕੀਤੀ ਹੈ ਤੇ ਇਸ ਟਿੱਪਣੀ ਨੂੰ ਸ਼ਸ਼ੀ ਨੇ ਬੇਮਿਸਾਲ ਵੰਨਗੀ ਕਰਾਰ ਦਿੱਤਾ ਹੈ।

ਬੰਗਲੂਰੂ ਦੇ ਸਾਹਿਤ ਮੇਲੇ ਦੌਰਾਨ ਥਰੂਰ ਵੱਲੋਂ ਕੀਤੀ ਇਸ ਟਿੱਪਣੀ ਉੱਤੇ ਕੇਂਦਰ ਦੇ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸ਼ਾਦ ਸਮੇਤ ਕਈ ਭਾਜਪਾ ਆਗੂਆਂ ਨੇ ਸਖ਼ਤ ਪ੍ਰਤੀਕਿਰਿਆ ਕੀਤੀ, ਪਰ ਕਾਂਗਰਸ ਐਮ ਪੀ ਸ਼ਸ਼ੀ ਥਰੂਰ ਨੇ ਕਿਹਾ ਕਿ ਇਹ ਟਿੱਪਣੀ ਉਸ ਦੀ ਨਹੀਂ, ਛੇ ਸਾਲਾਂ ਤੋਂ ਜਨਤਕ ਖੇਤਰ ਵਿੱਚ ਚੱਲ ਰਹੀ ਸੀ। ਰਵੀ ਸ਼ੰਕਰ ਪ੍ਰਸ਼ਾਦ ਨੇ ਕਿਹਾ ਕਿ ਸ਼ਸ਼ੀ ਥਰੂਰ ਨੇ ਭਗਵਾਨ ਸ਼ਿਵ ਦਾ ਅਪਮਾਨ ਕੀਤਾ ਹੈ, ਜਿਸ ਲਈ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਸ਼ਸ਼ੀ ਥਰੂਰ ਨੇ ਸਾਹਿਤ ਮੇਲੇ ਵਿਚ ਭਾਸ਼ਣ ਕਰਦਿਆਂ ਕਿਹਾ, 'ਆਰ ਐੱਸ ਐੱਸ ਦੇ ਇਕ ਸੂਤਰ ਨੇ ਕਿਸੇ ਪੱਤਰਕਾਰ ਨਾਲ ਗੱਲਬਾਤ ਦੌਰਾਨ ਕਮਾਲ ਦਾ ਰੂਪਕ ਵਰਤਿਆ ਸੀ, ਜਿਸ ਵਿਚ ਮੋਦੀ ਨੂੰ ਉਨ੍ਹਾਂ ਦੀ ਬਰਦਾਸ਼ਤ ਕਰਨ ਦੀ ਮਨੋਦਸ਼ਾ ਜ਼ਾਹਰ ਹੁੰਦੀ ਹੈ। ਉਸ ਵਿਅਕਤੀ ਨੇ ਕਿਹਾ ਕਿ ਮੋਦੀ ਅਜਿਹਾ ਬਿੱਛੂ ਹੈ, ਜੋ ਸ਼ਿਵਲਿੰਗ ਉੱਤੇ ਚੜ੍ਹ ਗਿਆ ਹੈ। ਤੁਸੀਂ ਉਸ ਨੂੰ ਹੱਥ ਨਾਲ ਉਤਾਰ ਨਹੀਂ ਸਕਦੇ ਤੇ ਚੱਪਲ ਮਾਰ ਨਹੀਂ ਸਕਦੇ।' ਇਸ ਦੀ ਵਿਆਖਿਆ ਕਰਦੇ ਹੋਏ ਉਨ੍ਹਾਂ ਨੇ ਕਿਹਾ, 'ਜੇ ਤੁਸੀਂ ਬਿੱਛੂ ਨੂੰ ਹੱਥ ਨਾਲ ਉਤਾਰਦੇ ਹੋ ਤਾਂ ਬਹੁਤ ਬੁਰਾ ਡੰਗ ਮਾਰਦਾ ਹੈ ਤੇ ਜੇ ਤੁਸੀਂ ਚੱਪਲ ਚੁੱਕਦੇ ਹੋ ਤਾਂ ਧਾਰਮਿਕ ਮਾਣ ਮਰਿਆਦਾ ਤੋੜਨ ਦੇ ਭਾਗੀ ਕਹਾਉਂਦੇ ਹੋ।'



COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
○ Automatic & Manual Trucks
• 1 on 1 Training
○ Forklift Training
Forklift $79 Recertification
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

ShergGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ
ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

# ਅਸਤੀਫ਼ੇ ਦੀ ਸੂਰਲੀ ਛੱਡ ਕੇ ਸੁਖਬੀਰ ਹਰ ਪਾਸਿਓਂ ਬੁਰੀ ਤਰ੍ਹਾਂ ਘਿਰਨ ਲੱਗੇ

ਚੰਡੀਗੜ੍ਹ, 28 ਅਕਤੂਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਪਣੇ ਅਸਤੀਫ਼ੇ ਦੀ ਪੇਸ਼ਕਸ਼ ਕਰ ਕੇ ਜਿਹੜੀ ਸੂਰਲੀ ਛੱਡੀ ਸੀ, ਉਸ ਨਾਲ ਉਹ ਕਸੂਤੇ ਫਸ ਗਏ ਹਨ। ਉਨ੍ਹਾਂ ਦੀ ਚੁਸਤੀ ਉਨ੍ਹਾਂ ਨੂੰ ਮਹਿੰਗੀ ਪੈਂਦੀ ਦਿਖਾਈ ਦੇਂਦੀ ਹੈ। ਅੱਜ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਪਿੱਛੋਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇ ਉਨ੍ਹਾਂ ਦੇ ਪਾਰਟੀ ਮੈਂਬਰ ਉਨ੍ਹਾਂ ਨੂੰ ਪ੍ਰਧਾਨਗੀ ਛੱਡਣ ਨੂੰ ਕਹਿਣਗੇ ਤਾਂ ਉਹ ਅਹੁਦਾ ਛੱਡਣ ਨੂੰ ਤਿਆਰ ਹਨ।

ਇਨ੍ਹੀਂ ਦਿਨੀਂ ਅਕਾਲੀ ਦਲ ਵਿੱਚ ਚੱਲ ਰਹੇ ਅੰਦਰੂਨੀ ਸੰਕਟ ਦੌਰਾਨ ਅੱਜ ਪਹਿਲੀ ਵਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇ ਪਾਰਟੀ ਉਨ੍ਹਾਂ ਨੂੰ ਕਹੇ ਤਾਂ ਉਹ ਪ੍ਰਧਾਨ ਦਾ ਅਹੁਦਾ ਛੱਡ ਦੇਣਗੇ, ਕਿਉਂਕਿ ਉਨ੍ਹਾਂ ਲਈ ਪਾਰਟੀ ਪਹਿਲਾਂ ਹੈ ਤੇ ਉਹ ਪਾਰਟੀ ਦੀ ਚੜ੍ਹਦੀ ਕਲਾ ਲਈ ਹਰ ਕੁਰਬਾਨੀ ਦੇਣ ਨੂੰ ਤਿਆਰ ਹਨ। ਇਹ ਗੱਲ ਉਨ੍ਹਾਂ ਹਰਿਮੰਦਰ ਸਾਹਿਬ ਮੱਥਾ ਟੇਕਣ ਪਿੱਛੋਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਦੇ ਘਰ ਮੀਡੀਆ ਨਾਲ ਗੱਲਬਾਤ ਦੌਰਾਨ ਕਹੀ। ਦੂਸਰੇ ਪਾਸੇ ਨਾਰਾਜ਼ ਹੋਏ ਪਏ ਅਕਾਲੀ ਆਗੂ ਭਾਈ ਮਨਜੀਤ ਸਿੰਘ ਨੇ ਇਸ ਮੌਕੇ ਪਾਰਟੀ ਨਾਲ ਗਿਲੇ ਸ਼ਿਕਵੇ ਛੱਡ ਕੇ ਫਿਰ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਪਾਰਟੀ ਨਾਲ ਚੱਲਣ ਦਾ ਐਲਾਨ ਕੀਤਾ ਹੈ।

ਮੀਡੀਆ ਨਾਲ ਗੱਲਬਾਤ ਦੌਰਾਨ ਪਾਰਟੀ ਵਿਚਲੇ ਸੰਕਟ ਤੇ ਟਕਸਾਲੀ ਅਕਾਲੀਆਂ ਵੱਲੋਂ ਪ੍ਰਗਟ ਕੀਤੀ ਨਾਰਾਜ਼ਗੀ ਬਾਰੇ ਸੁਖਬੀਰ ਸਿੰਘ ਬਾਦਲ ਨੇ ਪਹਿਲੀ ਵਾਰ ਖੁੱਲ੍ਹ ਕੇ ਆਖਿਆ ਕਿ ਪਾਰਲੀਮੈਂਟ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਡਾ: ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ ਆਦਿ ਪਾਰਟੀ ਦੇ ਸੀਨੀਅਰ ਆਗੂ ਹਨ ਅਤੇ ਉਹ ਇਨ੍ਹਾਂ ਸਾਰਿਆਂ ਦਾ ਦਿਲੋਂ ਸਤਿਕਾਰ ਕਰਦੇ ਹਨ, ਕਿਉਂਕਿ ਇਨ੍ਹਾਂ ਦਾ ਪਾਰਟੀ ਲਈ ਵੱਡਾ ਯੋਗਦਾਨ ਹੈ ਤੇ ਰਣਜੀਤ ਸਿੰਘ ਬ੍ਰਹਮਪੁਰਾ ਉਨ੍ਹਾਂ ਲਈ ਪਿਤਾ ਸਮਾਨ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਸਾਡਾ ਪਰਿਵਾਰ ਹੈ, ਏਥੇ ਕਿਸੇ ਨੂੰ ਅੱਖੋਂ ਪਰੋਖੇ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਛੋਟੇ ਬਾਦਲ ਨੇ ਕਿਹਾ ਕਿ ਪਾਰਟੀ ਪ੍ਰਧਾਨ ਵਜੋਂ ਉਨ੍ਹਾਂ ਨੂੰ ਜ਼ਿੰਮੇਵਾਰੀ ਵੀ ਇਨ੍ਹਾਂ ਨੇ ਸੌਂਪੀ ਸੀ, ਜੇ ਇਹ ਕਹਿਣ ਤਾਂ ਉਹ ਪਾਰਟੀ ਪ੍ਰਧਾਨਗੀ ਛੱਡ ਦੇਣਗੇ। ਉਨ੍ਹਾਂ ਕਿਹਾ ਕਿ ਪਾਰਟੀ ਲਈ ਹਰ ਕੁਰਬਾਨੀ ਨੂੰ ਤਿਆਰ ਹਨ। ਨਾਰਾਜ਼ ਅਕਾਲੀ ਆਗੂਆਂ ਬਾਰੇ ਉਨ੍ਹਾਂ ਕਿਹਾ ਕਿ ਜਿਸ ਨੇ ਵੀ ਨਾਰਾਜ਼ਗੀ ਜ਼ਾਹਿਰ ਕੀਤੀ ਹੈ, ਉਹ ਉਨ੍ਹਾਂ ਦੇ ਘਰ ਜਾ ਕੇ ਨਾਰਾਜ਼ਗੀ



ਦੂਰ ਕਰ ਆਏ ਹਨ, ਬ੍ਰਹਮਪੁਰਾ ਜਾਂ ਡਾ: ਅਜਨਾਲਾ ਉਨ੍ਹਾਂ ਨੂੰ ਸੱਦਣਗੇ ਤਾਂ ਉਹ ਉਨ੍ਹਾਂ ਦੇ ਘਰ ਵੀ ਜਾਣਗੇ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਨੂੰ ਕੋਈ ਨਾਰਾਜ਼ਗੀ ਹੈ ਤਾਂ ਉਹ ਉਨ੍ਹਾਂ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਗੱਲ ਕਰ ਸਕਦੇ ਹਨ।

ਇਸ ਮੌਕੇ ਭਾਈ ਮਨਜੀਤ ਸਿੰਘ ਦੀ ਨਾਰਾਜ਼ਗੀ ਬਾਰੇ ਉਨ੍ਹਾਂ ਕਿਹਾ ਕਿ ਉਹ ਕਦੇ ਵੀ ਪਾਰਟੀ ਤੋਂ ਦੂਰ ਨਹੀਂ ਗਏ, ਸਦਾ ਪਾਰਟੀ ਨਾਲ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਨੇ ਨਾਰਾਜ਼ਗੀ ਮੁੱਕਣ ਪਿੱਛੋਂ ਕਿਹਾ ਕਿ ਉਨ੍ਹਾਂ ਦੇ ਕੁਝ ਪੰਥਕ ਮੁੱਦਿਆਂ ਬਾਰੇ ਮੱਤਭੇਦ ਸਨ, ਜਿਨ੍ਹਾਂ 'ਤੇ ਚਰਚਾ ਹੋਈ ਤੇ ਪਾਰਟੀ ਨੇ ਸਾਰੇ ਸ਼ਿਕਵੇ ਦੂਰ ਕਰ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਅੱਜ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਅਤੇ ਹੋਰ ਅਕਾਲੀ ਆਗੂ ਉਨ੍ਹਾਂ ਦੇ ਘਰ ਪੁੱਜੇ ਸਨ ਅਤੇ ਆਪਸ ਵਿੱਚ ਖੁੱਲ੍ਹੀ ਗੱਲਬਾਤ ਹੋਈ ਹੈ।

ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਬ੍ਰਹਮਪੁਰਾ ਸਮਰਥਕ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਬੰਦ ਕਮਰਾ ਬੈਠਕ ਵਿੱਚ ਉਨ੍ਹਾਂ ਮੈਂਬਰਾਂ ਨੂੰ ਬ੍ਰਹਮਪੁਰਾ ਦੀ ਨਾਰਾਜ਼ਗੀ ਦੂਰ ਕਰ ਕੇ ਮਨਾਉਣ ਨੂੰ ਕਿਹਾ ਸੀ। ਪਹਿਲਾਂ ਪਾਰਟੀ ਬੁਲਾਰੇ ਤੇ ਸਕੱਤਰ ਡਾ: ਦਲਜੀਤ ਸਿੰਘ ਚੀਮਾ ਵੀ ਬ੍ਰਹਮਪੁਰਾ ਦੇ ਘਰ ਗਏ, ਪਰ ਉਨ੍ਹਾਂ ਨੇ ਅਸਤੀਫਾ ਵਾਪਸ ਲੈਣ ਤੋਂ ਨਾਂਹ ਕਰ ਦਿੱਤੀ ਸੀ। ਸੁਖਦੇਵ ਸਿੰਘ ਢੀਂਡਸਾ ਤੋਂ ਬਾਅਦ ਰਣਜੀਤ ਸਿੰਘ ਬ੍ਰਹਮਪੁਰਾ ਨੇ ਵੀ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ। ਨਾਰਾਜ਼ ਟਕਸਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਤੇ ਡਾ: ਰਤਨ ਸਿੰਘ ਅਜਨਾਲਾ ਨੇ ਅੱਜ ਕਿਹਾ ਕਿ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਦੋਂ ਪਾਰਟੀ ਦੀ ਨਮੋਸ਼ੀ ਭਰੀ ਹਾਰ ਹੋਈ ਸੀ, ਓਦੋਂ ਹੀ ਸੁਖਬੀਰ ਸਿੰਘ ਬਾਦਲ ਨੂੰ ਨੈਤਿਕ ਜ਼ਿੰਮੇਵਾਰੀ ਮੰਨ ਕੇ ਪ੍ਰਧਾਨਗੀ ਛੱਡ ਦੇਣੀ ਚਾਹੀਦੀ ਸੀ।

ਅੱਜ ਏਥੇ ਇੱਕ ਟੀ ਵੀ ਚੈਨਲ ਨਾਲ ਗੱਲਬਾਤ ਪਿੱਛੋਂ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਵੀਡੀਓ ਵਿੱਚ ਫਿਰ ਬ੍ਰਹਮਪੁਰਾ ਦੇ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਨ੍ਹਾਂ ਦੇ ਮੀਡੀਆ ਸਲਾਹਕਾਰ ਦਮਨਜੀਤ ਸਿੰਘ ਨੇ ਇਸ ਦੀ ਪੁਸ਼ਟੀ ਕੀਤੀ ਹੈ। ਬ੍ਰਹਮਪੁਰਾ ਨੇ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੇ ਕਹਿਣ ਉਤੇ ਪ੍ਰਧਾਨਗੀ ਛੱਡਣ ਬਾਰੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਨੂੰ ਜਿਹੜੀ ਨਮੋਸ਼ੀ ਭਰੀ ਹਾਰ ਹੋਈ, ਉਹ ਉਸ ਦੀਆਂ ਨੀਤੀਆਂ ਨਾਲ ਹੋਈ ਸੀ। ਪਿਛਲੇ ਪੰਜ ਸਾਲਾਂ ਵਿੱਚ ਕਈ ਉਹ ਫ਼ੈਸਲੇ ਕੀਤੇ ਗਏ, ਜਿਸ ਲਈ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਕਦੇ ਨਹੀਂ ਪੁੱਛਿਆ ਗਿਆ। ਅੱਜ ਹੀ ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਜੇ ਸੁਖਬੀਰ ਸਿੰਘ ਨੇ ਅਸਤੀਫਾ ਦੇਣ ਦੇ ਵਿਚਾਰ ਦਿਲੋਂ ਪ੍ਰਗਟਾਏ ਹਨ ਤਾਂ ਉਹ ਵੀ ਸਵਾਗਤ ਕਰਦੇ ਹਨ, ਇਹ ਫ਼ੈਸਲਾ ਪਾਰਟੀ ਦੇ ਹਿੱਤ 'ਚ ਹੋਵੇਗਾ। ਸਾਬਕਾ ਪਾਰਲੀਮੈਂਟ ਮੈਂਬਰ ਤੇ ਸੀਨੀਅਰ ਆਗੂ ਡਾ: ਰਤਨ ਸਿੰਘ ਅਜਨਾਲਾ ਨੇ ਆਖਿਆ ਕਿ ਸੁਖਬੀਰ ਸਿੰਘ ਬਾਦਲ ਨੂੰ 2017 ਵਿਧਾਨ ਸਭਾ ਚੋਣਾਂ ਦੀ ਹਾਰ ਪਿੱਛੋਂ ਖੁਦ ਅਸਤੀਫਾ ਦੇਣਾ ਚਾਹੀਦਾ ਸੀ। ਉਸ ਵੇਲੇ ਪਾਰਟੀ ਦੇ ਕੁਝ ਸੀਨੀਅਰ ਆਗੂਆਂ ਨੇ ਇਸ ਬਾਰੇ ਪਾਰਟੀ ਵਿੱਚ ਰਾਏ ਵੀ ਦਿੱਤੀ ਸੀ, ਪਰ ਉਸ ਵੇਲੇ ਇਸ ਗੱਲ ਨੂੰ ਅਣਗੌਲਿਆਂ ਕਰ ਦਿੱਤਾ ਗਿਆ ਸੀ।

## ਇਸਲਾਮਾਬਾਦ ਵਿੱਚ ਇਜ਼ਰਾਈਲੀ ਜਹਾਜ਼ ਦੇ ਆਉਣ-ਮੁੜਨ ਦੀ ਖਬਰ ਨੇ ਘਮਾਸਾਨ ਮਚਾਇਆ

ਇਸਲਾਮਾਬਾਦ, 28 ਅਕਤੂਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਰਾਸ਼ਟਰਪਤੀ ਆਰਿਫ ਅਲਵੀ ਨੇ ਇਜ਼ਰਾਈਲ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਬਣਾਉਣ ਤੋਂ ਇਨਕਾਰ ਕਰਦੇ ਹੋਏ ਇਸ ਖਬਰ ਦਾ ਜ਼ੋਰਦਾਰ ਖੰਡਨ ਕੀਤਾ ਹੈ ਕਿ ਕੁਝ ਅਧਿਕਾਰੀਆਂ ਨੂੰ ਲੈ ਕੇ ਇਕ ਇਜ਼ਰਾਈਲੀ ਜਹਾਜ਼ ਚੁੱਪ-ਚਾਪ ਇਸਲਾਮਾਬਾਦ ਪੁੱਜਾ ਅਤੇ ਹਵਾਈ ਅੱਡੇ 'ਤੇ ਕਈ ਘੰਟੇ ਰੁਕਣ ਪਿੱਛੋਂ ਮੁੜ ਗਿਆ। ਅਲਵੀ ਨੇ ਐਤਵਾਰ ਨੂੰ ਤੜਕੇ 3 ਦਿਨ ਦੀ ਯਾਤਰਾ 'ਤੇ ਰਵਾਨਾ ਹੋਣ ਤੋਂ ਪਹਿਲਾਂ ਮੀਡੀਆ ਨੂੰ ਕਿਹਾ, 'ਇਸਲਾਮਾਬਾਦ ਇਜ਼ਰਾਈਲ ਨਾਲ ਕਿਸੇ ਵੀ ਤਰ੍ਹਾਂ ਦਾ ਸਬੰਧ ਕਾਇਮ ਨਹੀਂ ਕਰ ਰਿਹਾ।'

ਅਸਲ 'ਚ ਇੱਕ ਇਜ਼ਰਾਈਲੀ ਪੱਤਰਕਾਰ ਅਵੀ ਸ਼ਾਰਫ ਨੇ 25 ਅਕਤੂਬਰ ਨੂੰ ਇਹ ਟਵੀਟ ਕੀਤਾ ਸੀ ਕਿ ਇਕ ਇਜ਼ਰਾਈਲੀ ਨਿੱਜੀ ਜੈੱਟ ਆਪਣੇ ਦੇਸ਼ ਦੇ ਤੇਲ ਅਵੀਵ ਤੋਂ ਇਸਲਾਮਾਬਾਦ ਪੁੱਜਾ ਅਤੇ ਦਸ ਘੰਟੇ ਰੁਕਣ ਪਿੱਛੋਂ ਉਹ ਤੇਲ ਅਵੀਵ ਵਾਪਸ ਚਲਾ ਗਿਆ। ਇਸ ਦੇ ਬਾਅਦ ਸੋਸ਼ਲ ਮੀਡੀਆ ਉੱਤੇ ਚਰਚਾ ਚੱਲ ਪਈ ਅਤੇ ਲੋਕਾਂ ਨੇ ਸਰਕਾਰ ਦੀ ਨਿੰਦਾ ਸ਼ੁਰੂ ਕਰ ਦਿੱਤੀ। ਵਿਰੋਧੀ ਧਿਰਾਂ ਨੇ ਵੀ ਇਸ ਗੁਪਤ ਇਜ਼ਰਾਈਲੀ ਮਿਸ਼ਨ ਬਾਰੇ





ਸਰਕਾਰ ਤੋਂ ਸਫਾਈ ਮੰਗੀ ਹੈ।

ਵਿਦੇਸ਼ ਮੰਤਰੀ ਸ਼ਾਹ ਮੁਹੰਮਦ ਕੁਰੈਸ਼ੀ ਤੇ ਸੂਚਨਾ ਮੰਤਰੀ ਫਵਾਦ ਚੌਧਰੀ ਨੇ ਪਾਕਿਸਤਾਨ ਵਿੱਚ ਇਜ਼ਰਾਈਲ ਦਾ ਨਿੱਜੀ ਜੈੱਟ ਆਉਣ ਦੀ ਖਬਰ ਝੂਠ ਆਖੀ ਹੈ। ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਨੇਤਾ ਅਹਿਸਨ ਇਕਬਾਲ ਨੇ ਕਿਹਾ ਕਿ ਫਵਾਦ ਚੌਧਰੀ ਦੇ ਬਿਆਨ ਤੋਂ ਜਾਪਦਾ ਹੈ ਕਿ ਸਰਕਾਰ ਕੁਝ ਛੁਪਾ ਰਹੀ ਹੈ। ਉਨ੍ਹਾਂ ਮੰਗ ਕੀਤੀ, 'ਪਾਰਲੀਮੈਂਟ ਨੂੰ ਇਸ ਮੁੱਦੇ ਉੱਤੇ ਵਿਸ਼ਵਾਸ ਵਿੱਚ ਲਿਆ ਜਾਣਾ ਚਾਹੀਦਾ ਹੈ।' ਇਕ ਮੀਡੀਆ ਏਜੰਸੀ ਦੇ ਮੁਤਾਬਕ ਸਬੰਧਤ ਜਹਾਜ਼ ਕੈਨੇਡਾ ਵਿੱਚ ਬਣਿਆ ਹੈ ਅਤੇ ਇਸ ਦਾ ਨੰਬਰ 9394 ਹੈ। ਇਜ਼ਰਾਈਲੀ ਪੱਤਰਕਾਰ ਨੇ ਬਾਅਦ ਵਿੱਚ ਕਿਹਾ ਕਿ ਉਹ ਸੌ ਫੀਸਦੀ ਪੱਕਾ ਨਹੀਂ ਕਿ ਜੈੱਟ ਇਸਲਾਮਾਬਾਦ ਵਿੱਚ ਉਤਰਿਆ ਜਾਂ ਨਹੀਂ।

ਵਰਨਣ ਯੋਗ ਹੈ ਕਿ ਪਾਕਿਸਤਾਨ ਅਤੇ ਇਜ਼ਰਾਈਲ ਵਿਚਕਾਰ ਡਿਪਲੋਮੈਟਿਕ ਸਬੰਧ ਨਹੀਂ ਹਨ ਅਤੇ ਦੋਵਾਂ ਦੇਸ਼ਾਂ ਦੇ ਜਹਾਜ਼ਾਂ ਨੂੰ ਇਕ-ਦੂਜੇ ਦੇ ਉਡਾਣ ਖੇਤਰ ਵਿੱਚ ਜਾਣ ਦੀ ਵੀ ਇਜਾਜ਼ਤ ਨਹੀਂ ਹੈ।

## ਬਾਦਲਾਂ ਵਿੱਚ ਸਰਪੰਚੀ ਛੱਡਣ ਦਾ ਦਮ ਨਹੀਂ, ਪਾਰਟੀ ਪ੍ਰਧਾਨੀ ਤਾਂ ਦੂਰ ਦੀ ਗੱਲ

### * ਹਾਦਸੇ ਬਾਰੇ ਬੋਲਦਾ ਸੁਖਬੀਰ ਬਰਗਾੜੀ ਤੇ ਔਰਬਿਟ ਬੱਸਾਂ ਬਾਰੇ ਬੋਲੇ

ਚੰਡੀਗੜ੍ਹ, 28 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿਧੂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਰੁੱਸੇ ਹੋਏ ਟਕਸਾਲੀ ਅਕਾਲੀਆਂ ਨੂੰ ਮਨਾਉਣ ਲਈ ਉਨ੍ਹਾਂ ਦੇ ਘਰ ਜਾਣ ਨੂੰ ਨਿਰਾ ਡਰਾਮਾ ਕਰਾਰ ਦਿਤਾ ਹੈ। ਸਿੱਧੂ ਨੇ ਵਿਅੰਗ ਕਰਦਿਆਂ ਕਿਹਾ ਕਿ ਅੱਜ ਅਪਣੀ ਕੁਰਸੀ ਬਚਾਉਣ ਲਈ ਟਕਸਾਲੀ ਅਕਾਲੀ ਆਗੂਆਂ ਦੇ ਘਰੀਂ ਜਾ ਰਹੇ ਸੁਖਬੀਰ ਸਿੰਘ ਬਾਦਲ ਪਹਿਲਾਂ ਕਦੇ ਬਰਗਾੜੀ ਜਾਂ ਉਨ੍ਹਾਂ ਦੀਆਂ ਆਪਣੀਆਂ ਔਰਬਿਟ ਬੱਸਾਂ ਥੱਲੇ ਆ ਕੇ ਮਰਨ ਵਾਲੇ ਲੋਕਾਂ ਦੇ ਘਰ ਕਿਉਂ ਨਹੀਂ ਸੀ ਗਏ।



ਸੁਖਬੀਰ ਸਿੰਘ ਬਾਦਲ ਵਲੋਂ ਪਾਰਟੀ ਪ੍ਰਧਾਨਗੀ ਛੱਡਣ ਦੀ ਪੇਸ਼ਕਸ਼ ਨੂੰ ਵੀ ਸਿਧੂ ਨੇ ਡਰਾਮਾ ਕਿਹਾ ਹੈ। ਉਨ੍ਹਾਂ ਨੇ ਕਿਹਾ ਕਿ ਬਾਦਲ ਪਰਵਾਰ ਇੰਨਾ ਕੁਰਸੀ ਮੋਹ ਵਿੱਚ ਗ੍ਰੱਸਿਆ ਹੋਇਆ ਹੈ ਕਿ ਉਹ ਲੋਕ ਸਰਪੰਚੀ ਅਹੁਦਾ ਛੱਡਣ ਦਾ ਦਮ ਵੀ ਨਹੀਂ ਰੱਖਦੇ। ਸਿੱਧੂ ਨੇ ਪੁੱਛਿਆ ਕਿ ਸੁਖਬੀਰ ਸਿੰਘ ਬਾਦਲ ਨੇ ਉੱਤਰ ਪ੍ਰਦੇਸ਼ ਦੇ ਮੁਖ ਮੰਤਰੀ ਯੋਗੀ ਆਦਿਤਿਆ ਨਾਥ ਦੇ ਰਾਜ ਵਿੱਚ ਇਲਾਜ ਖੁਣੋਂ ਮਰ ਗਏ ਬੱਚਿਆਂ ਬਦਲੇ ਕਦੇ ਯੋਗੀ ਦਾ ਅਸਤੀਫ਼ਾ ਨਹੀਂ ਸੀ ਮੰਗਿਆ ਤੇ ਅੰਮ੍ਰਿਤਸਰ ਰੇਲ ਹਾਦਸੇ ਅਤੇ ਲਾਸ਼ਾਂ ਉਤੇ ਸਿਆਸਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਸਲੀ ਅਕਾਲੀ ਅੱਜ ਕੱਲ੍ਹ ਬਾਦਲਾਂ ਨੂੰ ਨਕਾਰ ਚੁਕੇ ਹਨ ਅਤੇ ਉਨ੍ਹਾਂ ਦੀ ਅਗਵਾਈ ਦੋਬਾਰਾ ਕਬੂਲ ਨਹੀਂ ਕਰਨਗੇ।

## ਯੁਵਰਾਜ ਨੂੰ ਰਣਜੀ ਟੀਮ 'ਚ ਨਹੀਂ ਦਿੱਤੀ ਜਗ੍ਹਾ

ਨਵੀਂ ਦਿੱਲੀ, 28 ਅਕਤੂਬਰ (ਪੋਸਟ ਬਿਊਰੋ)- ਇਕ ਸਮੇਂ ਭਾਰਤੀ ਕ੍ਰਿਕਟ ਟੀਮ ਦੀ ਰੀੜ ਦੀ ਹੱਡੀ ਕਹੇ ਜਾਣ ਵਾਲੇ ਸਿਕਸਰ ਕਿੰਗ ਯੁਵਰਾਜ ਸਿੰਘ ਦਾ ਬੁਰਾ ਦੌਰ ਖਤਮ ਹੋਣ ਦਾ ਨਾਂ ਹੀ ਨਹੀਂ ਲੈ ਰਿਹਾ। ਯੁਵਰਾਜ ਸਿੰਘ ਪਿਛਲੇ ਕਾਫੀ ਸਮੇਂ ਤੋਂ ਟੀਮ 'ਚ ਵਾਪਸੀ ਕਰਨ ਲਈ ਮਿਹਨਤ ਕਰ ਰਹੇ ਹਨ ਜਿਸ ਕਾਰਨ ਉਹ ਘਰੇਲੂ ਟੂਰਨਾਮੈਂਟ ਵੀ ਖੇਡ ਰਹੇ ਹਨ ਪਰ ਰਣਜੀ ਟਰਾਫੀ ਦੇ ਆਗਾਮੀ ਸੀਜ਼ਨ ਲਈ ਪੰਜਾਬ ਟੀਮ ਦਾ ਐਲਾਨ ਕੀਤਾ ਗਿਆ। ਮਨਦੀਪ ਸਿੰਘ ਨੂੰ ਜਿੱਥੇ ਟੀਮ ਦਾ ਕਪਤਾਨ ਬਣਾਇਆ ਗਿਆ ਤਾਂ ਉੱਥੇ ਹੀ ਯੁਵਰਾਜ ਸਿੰਘ ਅਤੇ ਹਰਭਜਨ ਸਿੰਘ ਵਰਗੇ ਧਾਕੜ ਖਿਡਾਰੀਆਂ ਨੂੰ ਟੀਮ ਵਿਚ ਜਗ੍ਹਾ ਹੀ ਨਹੀਂ ਦਿੱਤੀ ਗਈ। ਪੰਜਾਬ ਟੀਮ ਦਾ ਪਹਿਲਾ ਮੁਕਾਬਲਾ 1 ਨਵੰਬਰ ਨੂੰ ਆਂਧ੍ਰਾ ਪ੍ਰਦੇਸ਼ ਨਾਲ ਹੋਣਾ ਹੈ।

ਜ਼ਿਕਰਯੋਗ ਹੈ ਕਿ ਹਾਲ ਹੀ 'ਚ ਇਕ ਇੰਟਰਵੀਊ ਵਿਚ ਯੁਵੀ ਨੇ ਕਿਹਾ ਸੀ ਕਿ ਉਹ ਕਿਸੇ ਨੌਜਵਾਨ ਖਿਡਾਰੀ ਦੀ ਜਗ੍ਹਾ ਟੀਮ ਵਿਚ ਨਹੀਂ ਖੇਡਣਾ ਚਾਹੁੰਦੇ। ਸ਼ਾਇਦ ਇਸ ਵਜ੍ਹਾ ਕਾਰਨ ਹੀ ਯੁਵੀ ਨੂੰ ਟੀਮ ਵਿਚ ਜਗ੍ਹਾ ਨਹੀਂ ਦਿੱਤੀ ਗਈ। ਇਸ ਵਾਰ ਟੀਮ ਵਿਚ ਜ਼ਿਆਦਾਤਰ ਨੌਜਵਾਨ ਖਿਡਾਰੀਆਂ ਨੂੰ ਮੌਕਾ ਦਿੱਤਾ ਗਿਆ ਹੈ। ਦੂਜੇ ਪਾਸੇ ਹਰਭਜਨ ਸਿੰਘ ਪਹਿਲਾਂ ਹੀ ਵਿਜੇ ਹਜ਼ਾਰੇ ਟਰਾਫੀ ਵਿਚ ਨਹੀਂ ਖੇਡੇ ਸੀ ਤਾਂ ਉਸ ਦੇ ਨਾ ਚੁਣੇ ਜਾਣ 'ਤੇ ਜ਼ਿਆਦਾ ਹੈਰਾਨੀ ਨਹੀਂ ਹੋ ਰਹੀ।



ਰਣਜੀ ਵਿਚ ਪੰਜਾਬ ਟੀਮ ਦਾ ਪ੍ਰਦਰਸ਼ਨ ਪਿਛਲੇ ਸੀਜ਼ਨ ਵਿਚ ਕਾਫੀ ਖਰਾਬ ਰਿਹਾ ਸੀ ਅਤੇ ਉਹ ਗਰੁਪ ਡੀ ਵਿਚ ਤੀਜੇ ਸਥਾਨ 'ਤੇ ਰਹੇ ਸੀ। ਲੀਗ ਸਟੇਜ ਵਿਚ ਉਹ ਸਿਰਫ 2 ਹੀ ਮੁਕਾ-ਬਲੇ ਜਿੱਤ ਸਕੇ ਸੀ ਅਤੇ ਨਾਕ ਆਊਟ ਸਟੇਜ ਲਈ ਕੁਆਲੀਫਾਈ ਨਹੀਂ ਕਰ ਸਕੇ ਸੀ। ਮਨਦੀਪ ਸਿੰਘ ਦੀ ਕਪਤਾਨੀ ਵਿਚ ਪੰਜਾਬ ਦਾ ਪ੍ਰਦਰਸ਼ਨ ਵਿਜੇ ਹਜ਼ਾਰੇ ਟਰਾਫੀ ਵਿਚ ਕਾਫੀ ਸ਼ਾਨਦਾਰ ਰਿਹਾ ਸੀ।

ਯੁਵੀ ਦੀ ਗੈਰਮੌਜੂਦਗੀ ਵਿਚ ਪੰਜਾਬ ਨੂੰ ਬੱਲੇਬਾਜ਼ੀ ਵਿਚ ਜਿੱਥੇ ਸ਼ੁਭਮਨ ਗਿਲ, ਅਨਮੋਲਪ੍ਰੀਤ ਸਿੰਘ ਅਤੇ ਕਪਤਾਨ ਮਨਦੀਪ ਸਿੰਘ ਵਰਗੇ ਖਿਡਾਰੀਆਂ ਤੋਂ ਉਮੀਦ ਹੋਵੇਗੀ ਤਾਂ ਤੇਜ਼ ਗੇਂਦਬਾਜ਼ੀ ਦਾ ਜ਼ਿੰਮਾ ਸਿਧਾਰਥ ਕੌਲ ਅਤੇ ਬਰਿੰਦਰ ਸਰਾਂ 'ਤੇ ਹੋਵੇਗਾ।

## ਸਕਾਟਲੈਂਡ ਦੇ ਗੁਰਦੁਆਰੇ ਨੂੰ ਅੱਗ ਲਾਉਣ ਦੇ ਯਤਨ ਕਰਨ ਵਾਲੇ ਨੇ ਜੁਰਮ ਮੰਨਿਆ

ਲੰਡਨ, 28 ਅਕਤੂਬਰ (ਪੋਸਟ ਬਿਊਰੋ)- ਬੀਤੀ 29 ਅਗਸਤ ਨੂੰ ਸਕਾਟਲੈਂਡ ਦੇ ਸ਼ਹਿਰ ਐਡਨਬਰਾ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੇ ਮੁੱਖ ਦਰਵਾਜ਼ੇ ਨੂੰ ਅੱਗ ਲਾਉਣ ਦੀ ਕੋਸ਼ਿਸ ਕਰਨ ਵਾਲੇ 49 ਸਾਲਾ ਪੋਲ ਜੌਹਨਸਨ ਨੇ ਹਾਈ ਕੋਰਟ 'ਚ ਆਪਣਾ ਜੁਰਮ ਕਬੂਲ ਲਿਆ ਹੈ। ਉਸ ਨੇ ਦੱਸਿਆ ਕਿ 27 ਅਗਸਤ ਨੂੰ ਸਥਾਨਕ ਪੈਟਰੋਲ ਪੰਪ ਤੋਂ ਪੋਲ ਨੇ ਸਾਢੇ ਤਿੰਨ ਪੌਂਡ ਦਾ ਪੈਟਰੋਲ ਖਰੀਦਿਆ ਸੀ, ਜਿਸ ਤੋਂ ਬਾਅਦ ਲੈਬ ਮੈਥੋਰਿਸਟ ਚਰਚ ਅੱਗੇ ਅੱਗ ਲਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਾਕਾਮ ਰਿਹਾ, ਚਰਚ ਦੇ ਪਾਦਰੀ ਨੇ ਪੈਰੋਲ ਦੀ ਗੰਧ ਆਉਣ ਬਾਅਦ ਬਾਹਰ ਆ ਕੇ ਦੇਖਿਆ ਅਤੇ ਫਿਰ ਸਫਾਈ ਕਰਨ ਬਾਅਦ ਅੰਦਰ ਚਲਾ ਗਿਆ ਸੀ।

ਇਸ ਤੋਂ ਬਾਅਦ ਪੋਲ ਨਿਰਾਸ਼ ਹੋਇਆ ਅਤੇ ਅੱਗੇ ਜਾ ਰਿਹਾ ਸੀ ਕਿ ਉਸ ਦੀ ਨਜ਼ਰ ਗੁਰੂ ਘਰ ਉਤੇ ਪਈ ਜਿਸ ਦੇ ਮੁੱਖ ਦਰਵਾਜ਼ੇ ਲੱਕੜੀ ਦੇ ਸਨ। ਉਸ ਨੇ ਬਾਕੀ ਪੈਟਰੋਲ ਛਿੜਕ ਕੇ ਉਥੇ ਕੁਝ ਕਾਗਜ਼ ਰੱਖਣ ਪਿੱਛੋਂ ਅੱਗ ਲਗਾ ਦਿੱਤੀ, ਜਿਸ ਨਾਲ ਅੱਗ ਦਰਵਾਜ਼ਿਆਂ ਰਾਹੀਂ ਫੈਲ ਗਈ। ਪੁਲਸ ਨੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕਰਦਿਆਂ 30 ਅਗਸਤ ਨੂੰ ਤੜਕੇ ਪੋਲ ਨੂੰ ਗ੍ਰਿਫਤਾਰ ਕਰ ਕੇ ਜਦ ਪੁੱਛਗਿੱਛ ਕੀਤੀ ਤਾਂ ਉਹ ਝੱਟ ਮੰਨ ਗਿਆ ਸੀ ਕਿ ਅੱਗ ਉਸ ਨੇ ਹੀ ਲਗਾਈ ਹੈ। ਗੁਰੂ ਘਰ ਵਿਖੇ ਅੱਗ ਦੀ ਖਬਰ ਫੈਲਣ ਪਿੱਛੋਂ ਚਰਚ ਦੇ ਪਾਦਰੀ ਨੇ ਵੀ ਬਿਆਨ ਦਿੱਤੇ ਸਨ, ਜਿਸ ਲਈ ਪੋਲ ਨੂੰ ਦੋਸ਼ੀ ਪਾਇਆ ਗਿਆ ਹੈ। ਅਦਾਲਤ 'ਚ ਪੋਲ ਨੇ ਕਿਹਾ ਕਿ ਉਹ ਇਸ ਘਟਨਾ ਨੂੰ ਸਿਆਸੀ ਬਣਾਉਣਾ ਚਾਹੁੰਦਾ ਸੀ, ਜਿਸ ਲਈ ਉਸ ਨੇ ਹੋਰ ਕੋਈ ਬਿਆਨ ਦੇਣ ਤੋਂ ਨਾਂਹ ਕਰ ਦਿੱਤੀ। ਦੋਸ਼ੀ ਪੋਲ ਜੌਹਨਸਨ ਨੂੰ ਅਗਲੇ ਮਹੀਨੇ ਸਜ਼ਾ ਸੁਣਾਈ ਜਾਵੇਗੀ।

## ਹਰਿਆਣਾ ਦੇ ਗਵਰਨਰ ਦਾ ਓ ਐੱਸ ਡੀ ਬਣ ਕੇ ਠੱਗੀਆਂ ਮਾਰਨ ਵਾਲਾ ਕਾਬੂ

ਰੂਪਨਗਰ, 28 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਇਸ ਸ਼ਹਿਰ ਵਿੱਚ ਆਪਣੇ ਆਪ ਨੂੰ ਹਰਿਆਣਾ ਦੇ ਗਵਰਨਰ ਦਾ ਓ ਐੱਸ ਡੀ ਦੱਸਣ ਵਾਲੇ ਜਾਅਲਸਾਜ਼ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਡੀ ਐੱਸ ਪੀ (ਆਰ) ਗੁਰਵਿੰਦਰ ਸਿੰਘ ਦੀ ਨਿਗਰਾਨੀ ਹੇਠ ਥਾਣਾ ਸਿਟੀ ਰੂਪਨਗਰ ਦੇ ਮੁਖੀ ਦੀ ਅਗਵਾਈ ਹੇਠ ਪੁਲਸ ਜਦੋਂ ਰਾਧਾ ਸੁਆਮੀ ਸਤਿਸੰਗ ਨੇੜੇ ਨਵਾਂ ਪੁਲ ਰੂਪਨਗਰ ਵਿਖੇ ਸੀ ਤਾਂ ਸੂਚਨਾ ਮਿਲੀ ਕਿ ਆਪਣੇ ਆਪ ਨੂੰ ਹਰਿਆਣਾ ਦੇ ਗਵਰਨਰ ਦਾ ਓ ਐੱਸ ਡੀ ਦੱਸ ਕੇ ਲੋਕਾਂ ਨਾਲ ਠੱਗੀ ਮਾਰਨ ਵਾਲਾ ਹਰਦੀਪ ਕੁਮਾਰ ਪੁੱਤਰ ਮਹਿੰਦਰ ਕੁਮਾਰ ਪਿੰਡ ਐਮਾ ਜ਼ਿਲ੍ਹਾ ਹੁਸ਼ਿਆਰਪੁਰ ਇਸ ਸ਼ਹਿਰ ਵਿੱਚ ਸਰਗਰਮ ਹੈ। ਮੁਖਬਰ ਦੇ ਦੱਸਿਆ ਸੀ ਕਿ ਹਰਦੀਪ ਕੁਮਾਰ ਨੇ ਜਾਅਲੀ ਪਛਾਣ ਕਾਰਡ ਬਣਾਇਆ ਹੋਇਆ ਹੈ ਤੇ ਅੱਜ ਵੀ ਇਹ ਠੱਗ ਕਿਸੇ ਨੂੰ ਠੱਗਣ ਲਈ ਸ਼ਹਿਰ ਵਿੱਚ ਤੁਰਿਆ ਫਿਰਦਾ ਹੈ। ਪੁਲਸ ਨੇ ਹਰਦੀਪ ਨੂੰ ਸ਼ਹਿਰ ਵਿੱਚੋਂ ਫੜਿਆ ਤਾਂ ਤਲਾਸ਼ੀ ਲੈਣ 'ਤੇ ਉਸ ਪਾਸੋਂ ਪੰਜਾਬ ਭਵਨ ਚੰਡੀਗੜ੍ਹ ਦਾ ਜਾਅਲੀ ਆਇ-ਕਾਰਡ ਮਿਲਿਆ। ਇਸ ਪਿੱਛੋਂ ਉਸ ਦੇ ਖਿਲਾਫ ਥਾਣਾ ਸਿਟੀ ਵਿਖੇ ਧੋਖਾਦੇਹੀ ਦਾ ਕੇਸ ਦਰਜ ਕੀਤਾ ਗਿਆ ਹੈ। ਠੱਗ ਨੇ ਪਹਿਲਾਂ ਕਿੰਨੇ ਬੰਦੇ ਠੱਗੇ ਹਨ, ਇਸ ਬਾਰੇ ਛੇਤੀ ਖੁਲਾਸਾ ਹੋ ਸਕਦਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
Body Centre
MINISTRY APPROVED SALVAGE INSPECTION STATION
Daljit Singh
308 Rutherford Road Brampton
905-874-9878
Inderjit Singh
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Tol Free: 1-877-799-9878. www.skydomeauto.ca

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

BRAMPTON $89,000 — Photo Not Available — Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।
HAMILTON $25/Sq Ft. — 135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।
BRAMPTON $2,500 — 85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।
BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਐਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।
BRAMPTON $249,000 — Photo Not Available — 10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।
PICKERING $59,000 — 1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ। ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।
BRAMPTON $541,800 — Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਉਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।
AJAX $169,900 — Photo Not Available — 44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।
KITCHENER $369,999 — Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।
TORONTO $508,775 — Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।
BRAMPTON $629,000 — 60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।
TORONTO $825,000 — Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।
BRAMPTON $179,000 — Photo Not Available — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੌ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੁਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।
TORONTO $944,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!
BRAMPTON $849,000 — Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।
CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਸੀ ਬੀ ਆਈ ਦਾ ਕਾਰਜਕਾਰੀ ਮੁਖੀ ਕਿਸੇ ਤਰ੍ਹਾਂ ਦਾ ਨੀਤੀ ਫੈਸਲਾ ਨਹੀਂ ਲੈ ਸਕੇਗਾ: ਸੁਪਰੀਮ ਕੋਰਟ

## * ਸਾਬਕਾ ਜੱਜ ਦੀ ਅਗਵਾਈ ਵਿੱਚ ਜਾਂਚ ਕਰਵਾਈ ਜਾਵੇਗੀ

ਨਵੀਂ ਦਿੱਲੀ, 28 ਅਕਤੂਬਰ, (ਪੋਸਟ ਬਿਊਰੋ)- ਭਾਰਤ ਦੀ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਵਿੱਚ ਚੱਲ ਰਹੇ ਅਜੋਕੇ ਝਗੜੇ ਬਾਰੇ ਅੱਜ ਸੁਪਰੀਮ ਕੋਰਟ ਨੇ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ ਵੀ ਸੀ) ਨੂੰ ਹੁਕਮ ਦਿੱਤਾ ਹੈ ਕਿ ਸੀ ਬੀ ਆਈ ਦੇ ਮੁਖੀ ਆਲੋਕ ਵਰਮਾ ਦੇ ਖ਼ਿਲਾਫ਼ ਚੱਲ ਰਹੀ ਜਾਂਚ ਦੋ ਹਫ਼ਤਿਆਂ ਵਿੱਚ ਮੁਕੰਮਲ ਕੀਤੀ ਜਾਵੇ। ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਕਿਹਾ ਕਿ ਜਾਂਚ ਦਾ ਇਹ ਕੰਮ ਸੁਪਰੀਮ ਕੋਰਟ ਦੇ ਇੱਕ ਸੇਵਾ ਮੁਕਤ ਜੱਜ ਏ ਕੇ ਪਟਨਾਇਕ ਦੀ ਨਿਗਰਾਨੀ ਵਿੱਚ ਹੋਵੇਗਾ।

ਸੁਪਰੀਮ ਕੋਰਟ ਨੇ ਅੱਜ ਇਹ ਹੁਕਮ ਸੀ ਬੀ ਆਈ ਦੇ ਕੰਮ ਤੋਂ ਲਾਂਭੇ ਕੀਤੇ ਗਏ ਡਾਇਰੈਕਟਰ ਅਲੋਕ ਵਰਮਾ ਦੀ ਅਰਜ਼ੀ ਉੱਤੇ ਕੀਤੇ ਹਨ, ਜਿਸ ਵਿੱਚ ਸੀ ਬੀ ਆਈ ਮੁਖੀ ਨੇ ਉਨ੍ਹਾਂ ਨੂੰ ਜਬਰੀ ਡਿਊਟੀ ਤੋਂ ਲਾਂਭੇ ਕਰਨ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ। ਅਦਾਲਤ ਨੇ ਸੀ ਵੀ ਸੀ ਅਤੇ ਕੇਂਦਰ ਸਰਕਾਰ ਦੀ ਨਿਯੁਕਤੀਆਂ ਕਰਨ ਬਾਰੇ ਕਮੇਟੀ ਵੱਲੋਂ ਨਵੇਂ ਲਾਏ ਸੀ ਬੀ ਆਈ ਦੇ ਕਾਰਜਕਾਰੀ ਡਾਇਰੈਕਟਰ ਐਮ. ਨਾਗੇਸ਼ਵਰ ਰਾਓ ਨੂੰ ਜ਼ਾਬਤੇ ਵਿੱਚ ਬੰਨ੍ਹ ਦਿੱਤਾ ਅਤੇ ਆਈ ਪੀ ਐਸ ਅਫਸਰ ਨਾਗੇਸ਼ਵਰ ਰਾਓ ਨੂੰ ਏਜੰਸੀ ਦੇ ਨੀਤੀਗਤ ਫੈਸਲੇ ਲੈਣ ਤੋਂ ਰੋਕ ਕੇ 23 ਅਕਤੂਬਰ ਤੋਂ ਅੱਜ ਤਕ ਲਏ ਗਏ ਸਾਰੇ ਫ਼ੈਸਲਿਆਂ ਦੀ ਰਿਪੋਰਟ ਸੀਲਬੰਦ ਲਿਫ਼ਾਫੇ ਵਿੱਚ 12 ਨਵੰਬਰ ਤਕ ਜਮ੍ਹਾਂ ਕਰਾਉਣ ਨੂੰ ਕਿਹਾ ਹੈ। ਇਸ ਦੌਰਾਨ ਸੁਪਰੀਮ ਕੋਰਟ ਨੇ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਵੱਲੋਂ ਦਾਇਰ ਕੀਤੇ ਜ਼ੁਬਾਨੀ ਐਫੀਡੇਵਿਟ ਦੇ ਬਾਰੇ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤਾ। ਅਟਾਰਨੀ ਜਨਰਲ ਮੁਕੁਲ ਰੋਹਤਗੀ ਦੇ ਰਾਹੀਂ ਰਜਿਸਟਰੀ ਕੋਲ ਪੁੱਜੀ ਇਸ ਪਟੀਸ਼ਨ ਵਿੱਚ ਰਾਕੇਸ਼ ਅਸਥਾਨਾ ਨੇ ਉਸ ਨੂੰ ਲਾਂਭੇ ਕਰਨ ਦੇ ਸਰਕਾਰ ਦੇ ਢੰਗ ਉੱਤੇ ਇਤਰਾਜ਼ ਕੀਤਾ ਸੀ। ਕੋਰਟ ਨੇ ਕਿਹਾ ਕਿ ਉਹ ਕਿਸੇ ਇਹੋ ਜਿਹੇ ਮਾਮਲੇ 'ਤੇ ਸੁਣਵਾਈ ਨਹੀਂ ਕਰ ਸਕਦੀ, ਜਿਹੜਾ ਉਨ੍ਹਾਂ ਦੇ ਅੱਗੇ ਪੇਸ਼ ਹੀ ਨਹੀਂ ਕੀਤਾ ਗਿਆ।



ਭਾਰਤ ਦੇ ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠ ਅਦਾਲਤ ਨੇ ਹਦਾਇਤ ਕੀਤੀ ਕਿ ਸੀ ਬੀ ਆਈ ਦੇ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਵੱਲੋਂ 24 ਅਗਸਤ ਨੂੰ ਕੈਬਨਿਟ ਸਕੱਤਰ ਨੂੰ ਲਿਖੇ ਪੱਤਰ (ਜਿਸ ਵਿੱਚ ਏਜੰਸੀ ਦੇ ਮੁਖੀ ਆਲੋਕ ਵਰਮਾ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਗਏ ਸਨ) ਦੇ ਅਧਾਰ ਉੱਤੇ ਸੀ ਵੀ ਸੀ ਵੱਲੋਂ ਸੀ ਬੀ ਆਈ ਦੇ ਮੁਖੀ ਦੇ ਖ਼ਿਲਾਫ਼ ਸ਼ੁਰੂ ਕੀਤੀ ਗਈ ਜਾਂਚ ਜਸਟਿਸ (ਸੇਵਾ ਮੁਕਤ) ਏ ਕੇ ਪਟਨਾਇਕ ਦੀ ਨਿਗਰਾਨੀ ਵਿੱਚ ਮੁਕੰਮਲ ਕੀਤੀ ਜਾਵੇਗੀ। ਇਸ ਬੈਂਚ ਵਿੱਚ ਸ਼ਾਮਲ ਜਸਟਿਸ ਐਸ ਕੇ ਕੌਲ ਅਤੇ ਜਸਟਿਸ ਕੇ ਐਮ ਜੋਸੇਫ਼ ਨੇ ਕਿਹਾ, 'ਅਸੀਂ ਸਾਫ਼ ਕਰ ਦੇਣਾ ਚਾਹੁੰਦੇ ਹਾਂ ਕਿ ਸੀ ਵੀ ਸੀ ਵੱਲੋਂ ਕੀਤੀ ਜਾ ਰਹੀ ਜਾਂਚ ਦੀ ਨਿਗਰਾਨੀ ਅਦਾਲਤ ਦੇ ਸਾਬਕਾ ਜੱਜ ਨੂੰ ਸੌਂਪਣ ਨੂੰ ਕੋਈ ਮਿਸਾਲ ਨਾ ਮੰਨ ਲਿਆ ਜਾਵੇ, ਇਹ ਨਿਯੁਕਤੀ ਸਿਰਫ ਇਸ ਇੱਕੋ ਕੇਸ ਲਈ ਹੈ, ਕਿਉਂਕਿ ਕੇਸ ਦੇ ਅਸਧਾਰਨ ਤੱਥਾਂ ਨੂੰ ਵੇਖਦੇ ਹੋਏ ਅਦਾਲਤ ਨੂੰ ਇਹ ਜ਼ਰੂਰੀ ਲੱਗਦੀ ਸੀ।' ਇਸ ਦੇ ਨਾਲ ਹੀ ਅਦਾਲਤ ਨੇ ਸੀ ਬੀ ਆਈ ਦੇ ਕਾਰਜਕਾਰੀ ਮੁਖੀ ਨਾਗੇਸ਼ਵਰ ਰਾਓ ਵੱਲੋਂ 23 ਅਕਤੂਬਰ ਤੋਂ ਬਾਅਦ ਲਏ ਫੈਸਲਿਆਂ ਦੇ ਵੇਰਵੇ ਸੀਲਬੰਦ ਲਿਫ਼ਾਫੇ ਵਿੱਚ ਕੋਰਟ ਅੱਗੇ ਰੱਖਣ ਨੂੰ ਕਿਹਾ ਹੈ। ਨਾਗੇਸ਼ਵਰ ਰਾਓ ਨੇ ਮੰਗਲਵਾਰ ਅਤੇ ਬੁੱਧਵਾਰ ਦੀ ਅੱਧੀ ਰਾਤ ਨੂੰ ਏਜੰਸੀ ਦਾ ਚਾਰਜ ਲੈਣ ਪਿੱਛੋਂ ਸੀ ਬੀ ਆਈ ਦੇ ਲਾਂਭੇ ਕੀਤੇ ਮੁਖੀ ਦੇ ਨੇੜੇ ਮੰਨੇ ਜਾਂਦੇ 13 ਅਫਸਰਾਂ ਨੂੰ ਤਬਦੀਲ ਕਰ ਦਿੱਤਾ ਸੀ। ਕੋਰਟ ਨੇ ਸਾਫ਼ ਕਰ ਦਿੱਤਾ ਕਿ ਸੀ ਬੀ ਆਈ ਵਿੱਚ ਜੁਆਇੰਟ ਡਾਇਰੈਕਟਰ ਦੇ ਅਹੁਦੇ ਦਾ ਇਹ ਅਫਸਰ ਨਾਗੇਸ਼ਵਰ ਰਾਓ ਜਾਂਚ ਏਜੰਸੀ ਨੂੰ ਚਲਾਉਣ ਲਈ ਨਿਯਮਤ ਕੰਮ-ਕਾਜ ਹੀ ਕਰੇਗਾ, ਨੀਤੀ ਬਾਰੇ ਫੈਸਲੇ ਨਹੀਂ ਲਵੇਗਾ।

ਅੱਜ ਦੀ ਸੁਣਵਾਈ ਦੌਰਾਨ ਅਦਾਲਤ ਨੇ ਇਕ ਵਾਰ ਨਾਗੇਸ਼ਵਰ ਰਾਓ ਵੱਲੋਂ ਅੱਜ ਤਕ ਲਏ ਫੈਸਲੇ ਲਾਗੂ ਕਰਨ ਉੱਤੇ ਰੋਕ ਲਾਉਣ ਦੀ ਗੱਲ ਕਹੀ ਸੀ, ਫਿਰ ਬੈਂਚ ਨੇ ਕਿਹਾ ਕਿ ਉਹ ਇਨ੍ਹਾਂ ਫ਼ੈਸਲਿਆਂ ਦੀ ਵਿਚਾਰ ਪਿੱਛੋਂ ਫੈਸਲਾ ਕਰੇਗੀ। ਹਟਾਏ ਗਏ ਡਾਇਰੈਕਟਰ ਆਲੋਕ ਵਰਮਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਫਾਲੀ ਐਸ. ਨਰੀਮਨ ਨੇ ਕਿਹਾ ਕਿ ਸੀ ਬੀ ਆਈ ਡਾਇਰੈਕਟਰ ਨੂੰ ਪ੍ਰਧਾਨ ਮੰਤਰੀ, ਵਿਰੋਧੀ ਪਾਰਟੀ ਦੇ ਨੇਤਾ ਅਤੇ ਦੇਸ਼ ਦੇ ਚੀਫ਼ ਜਸਟਿਸ ਦੀ ਸ਼ਮੂਲੀਅਤ ਵਾਲੀ ਇੱਕ ਵਿਸ਼ੇਸ਼ ਚੋਣ ਕਮੇਟੀ ਵੱਲੋਂ ਦੋ ਸਾਲ ਦੇ ਸਮੇਂ ਲਈ ਨਿਯੁਕਤ ਕੀਤਾ ਜਾਂਦਾ ਹੈ ਤੇ ਇਸ ਕਮੇਟੀ ਤੋਂ ਬਿਨਾਂ ਕਿਸੇ ਨੂੰ ਉਸ ਨੂੰ ਹਟਾਉਣ ਦਾ ਅਧਿਕਾਰ ਵੀ ਨਹੀਂ ਹੈ।

# ਬਿੱਟਕੁਆਇਨ ਧੋਖਾਧੜੀ ਬਾਰੇ ਪੰਜਾਬ ਵਿਚ ਪਹਿਲਾ ਕੇਸ ਦਰਜ



ਜ਼ੀਰਕਪੁਰ, 28 ਅਕਤੂਬਰ, (ਪੋਸਟ ਬਿਊਰੋ)- ਬਿੱਟਕੁਆਇਨ (ਡਿਜੀਟਲ ਕਰੰਸੀ) ਵਿੱਚ ਨਿਵੇਸ਼ ਕਰਨ ਦੇ ਨਾਂਅ ਉੱਤੇ ਸਾਰੇ ਭਾਰਤ ਵਿਚ ਦੁਬਈ ਦੀ ਕੰਪਨੀ ਵੱਲੋਂ ਕੀਤੇ ਹਜ਼ਾਰਾਂ ਕਰੋੜ ਰੁਪਏ ਦੇ ਘਪਲੇ ਦੇ ਦੋਸ਼ ਵਿਚ ਪੰਜਾਬ 'ਚ ਇਸ ਦਾ ਪਹਿਲਾ ਕੇਸ ਢਕੌਲੀ ਥਾਣੇ ਵਿੱਚ ਦਰਜ ਹੋਇਆ ਹੈ। ਇਹ ਕੇਸ ਮੰਡੀ ਗੋਬਿੰਦਗੜ੍ਹ ਦੇ ਰਾਮ ਕੁਮਾਰ ਬਾਂਸਲ ਦੀ ਸ਼ਿਕਾਇਤ 'ਤੇ ਕੰਪਨੀ ਦੇ ਮੁੱਖ ਪ੍ਰਬੰਧਕ ਅਮਿਤ ਭਾਰਦਵਾਜ, ਭਾਰਤ ਵਿਚਲੇ ਮੁੱਖ ਪ੍ਰਬੰਧਕ ਪੰਕਜ ਅਦਲੱਖਾ ਅਤੇ ਪੰਜਾਬ ਦੇ ਮੁੱਖ ਪ੍ਰਬੰਧਕ ਹਿਰਦੈ ਅਗਰਵਾਲ ਤੇ ਇਕ ਹੋਰ ਪ੍ਰਬੰਧਕ ਨਰੇਸ਼ ਨਇਨ ਖ਼ਿਲਾਫ਼ ਕੀਤਾ ਗਿਆ ਹੈ।

ਸ਼ਿਕਾਇਤ ਕਰਤਾ ਰਾਮ ਕੁਮਾਰ ਬਾਂਸਲ ਵਾਸੀ ਮੰਡੀ ਗੋਬਿੰਦਗੜ੍ਹ ਨੇ ਦੱਸਿਆ ਕਿ ਉਹ ਚੰਡੀਗੜ੍ਹ ਤੋਂ ਇੱਕ ਕੰਪਨੀ ਚਲਾਉਂਦਾ ਹੈ। ਉਸ ਨੇ ਅਮਿਤ ਭਾਰਦਵਾਜ ਦੀ ਕੰਪਨੀ ਤੋਂ ਇਨ੍ਹਾਂ ਲੋਕਾਂ ਰਾਹੀਂ 96 ਬਿਟਕੁਆਈਨ ਦੀ ਖ਼ਰੀਦ ਕੀਤੀ ਸੀ। ਕੰਪਨੀ ਨੇ ਉਸ ਨਾਲ 18 ਮਹੀਨੇ ਵਿਚ 80 ਫ਼ੀਸਦੀ ਮੁਨਾਫ਼ਾ ਦੇਣ ਤੇ ਹਰ ਮਹੀਨੇ 10 ਫ਼ੀਸਦੀ ਮੁਨਾਫ਼ੇ ਦੀ ਕਿਸ਼ਤ ਦੇਣ ਦਾ ਭਰੋਸਾ ਦਿੱਤਾ ਸੀ, ਪਰ ਵਾਅਦੇ ਮੁਤਾਬਕ ਉਸ ਨੂੰ ਨਾ ਦਸ ਫ਼ੀਸਦੀ ਅਤੇ ਨਾ ਬਾਕੀ ਮੁਨਾਫ਼ੇ ਦੀ ਰਕਮ ਮੋੜੀ ਗਈ ਹੈ। ਇਸ ਦੌਰਾਨ ਉਸ ਨੂੰ ਇਨ੍ਹਾਂ ਵਿਅਕਤੀ ਦੀ ਕੰਪਨੀ ਵੱਲੋਂ ਪੂਰੇ ਦੇਸ਼ ਵਿਚ 30 ਹਜ਼ਾਰ ਕਰੋੜ ਰੁਪਏ ਦੇ ਘਪਲੇ ਬਾਰੇ ਪਤਾ ਲੱਗਾ, ਜਿਸ ਦਾ ਖ਼ੁਲਾਸਾ ਸੀ ਬੀ ਆਈ ਪੁਣੇ ਵੱਲੋਂ ਕੀਤਾ ਗਿਆ ਹੈ। ਢਕੌਲੀ ਪੁਲੀਸ ਨੇ ਇਨ੍ਹਾਂ ਚਾਰੇ ਜਣਿਆਂ ਖ਼ਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਇਸ ਕੰਪਨੀ ਖ਼ਿਲਾਫ਼ ਅੱਜ ਤੱਕ ਦੋ ਹਜ਼ਾਰ ਦੇ ਕਰੀਬ ਧੋਖਾਧੜੀ ਦੇ ਕੇਸ ਦਰਜ ਹੋ ਚੁੱਕੇ ਹਨ, ਪਰ ਪੰਜਾਬ ਵਿਚ ਇਹ

# ਮਨੁੱਖੀ ਅਧਿਕਾਰਾਂ ਦੀ ਵਰਕਰ ਸੁਧਾ ਭਾਰਦਵਾਜ ਗ੍ਰਿਫ਼ਤਾਰ



ਪੁਣੇ, 28 ਅਕਤੂਬਰ, (ਪੋਸਟ ਬਿਊਰੋ)- ਪਾਬੰਦੀ ਸ਼ੁਦਾ ਮਾਓਵਾਦੀ ਸੰਗਠਨ ਨਾਲ ਸੰਬੰਧਾਂ ਦੇ ਦੋਸ਼ ਕਾਰਨ ਮਨੁੱਖੀ ਹੱਕਾਂ ਦੀ ਕਾਰਕੁਨ ਸੁਧਾ ਭਾਰਦਵਾਜ ਨੂੰ ਪੁਣੇ ਸ਼ਹਿਰ ਦੀ ਪੁਲੀਸ ਨੇ ਸ਼ਨਿਚਰਵਾਰ ਨੂੰ ਫਰੀਦਾਬਾਦ ਦੇ ਇਰੋਜ਼ ਗਾਰਡਨ ਦੇ ਘਰ ਤੋਂ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਸੁਧਾ ਦੀ ਸਿਹਤ ਦੀ ਜਾਂਚ ਕਰਵਾਈ ਤੇ ਉਨ੍ਹਾਂ ਨੂੰ ਨਾਲ ਲੈ ਗਈ। ਇਸ ਮੌਕੇ ਸੁਧਾ ਦੇ ਕੁਝ ਸਹਿਯੋਗ ਵੀ ਘਰ ਵਿੱਚ ਮੌਜੂਦ ਸਨ।

ਮਿਲੀ ਜਾਣਕਾਰੀ ਮੁਤਾਬਕ ਸੁਧਾ ਭਾਰਦਵਾਜ ਦੇ ਵਕੀਲਾਂ ਨੇ ਸੁਪਰੀਮ ਕੋਰਟ ਨੂੰ ਮੁੜ ਵਿਚਾਰ ਦੀ ਅਰਜ਼ੀ ਦਿੱਤੀ ਸੀ, ਜਿਹੜੀ ਰੱਦ ਹੋ ਗਈ ਤੇ ਪੁਲੀਸ ਨੇ ਸੁਧਾ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਨੂੰ ਪੁਣੇ ਲੈ ਗਈ। ਪੁਣੇ ਦੀ ਅਦਾਲਤ ਨੇ ਸੁਧਾ ਭਾਰਦਵਾਜ ਦਾ 6 ਨਵੰਬਰ ਤੱਕ ਪੁਲੀਸ ਰਿਮਾਂਡ ਦੇ ਦਿੱਤਾ ਹੈ।

ਇਸੇ ਕੇਸ ਵਿਚ ਪਹਿਲਾਂ ਸ਼ਨਿਚਰਵਾਰ ਦਿਨੇ ਖੱਬੇ ਪੱਖੀ ਕਾਰਕੁਨਾਂ ਵਰਨੋਨ ਗੋਂਜ਼ਾਲਵੇਸ ਤੇ ਅਰੁਣ ਫ਼ਰੇਰਾ ਦਾ ਛੇ ਨਵੰਬਰ ਤੱਕ ਦਾ ਪੁਲੀਸ ਰਿਮਾਂਡ ਲਿਆ ਗਿਆ ਹੈ। ਅਦਾਲਤ ਤੋਂ ਗੋਂਜ਼ਾਲਵੇਸ ਤੇ ਫ਼ਰੇਰਾ ਦੀ ਜ਼ਮਾਨਤ ਅਰਜ਼ੀ ਰੱਦ ਹੋਣ ਪਿੱਛੋਂ ਪੁਲੀਸ ਨੇ ਸ਼ੁੱਕਰਵਾਰ ਸ਼ਾਮ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਉਨ੍ਹਾਂ ਦੇ ਨਾਲ ਸੁਧਾ ਭਾਰਦਵਾਜ ਦੀ ਵੀ ਜ਼ਮਾਨਤ ਅਰਜ਼ੀ ਰੱਦ ਹੋ ਗਈ ਸੀ। ਸੁਧਾ ਨੇ ਖ਼ਰਾਬ ਸਿਹਤ ਦਾ ਹਵਾਲਾ ਦੇ ਕੇ ਅਦਾਲਤ ਤੋਂ ਸਹੂਲਤਾਂ ਦੀ ਮੰਗ ਕੀਤੀ ਤਾਂ ਇਸ ਉੱਤੇ ਅਦਾਲਤ ਨੇ ਕਾਰਕੁਨ ਨੂੰ ਲੋੜੀਂਦੀਆਂ ਸਿਹਤ ਸਹੂਲਤਾਂ ਦੇਣ ਦੇ ਹੁਕਮ ਦਿੱਤੇ।

ਵਰਨਣ ਯੋਗ ਹੈ ਕਿ ਭੀਮਾ-ਕੋਰੇਗਾਓਂ ਹਿੰਸਾ ਕੇਸ ਵਿਚ ਮਹਾਰਾਸ਼ਟਰ ਪੁਲੀਸ ਨੇ ਸੁਧਾ ਭਾਰਦਵਾਜ ਨੂੰ ਬੀਤੀ 28 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਤੇ ਉਸ ਨੂੰ ਪੁਣੇ ਲਿਜਾਣ ਲਈ ਟ੍ਰਾਂਜ਼ਿਟ ਰਿਮਾਂਡ ਮੰਗਿਆ ਸੀ। ਭਾਰਦਵਾਜ ਦੇ ਵਕੀਲਾਂ ਵਲੋਂ ਹਾਈ ਕੋਰਟ ਪਹੁੰਚ ਕਰਨ ਪਿੱਛੋਂ ਅਦਾਲਤ ਨੇ ਉਨ੍ਹਾਂ ਨੂੰ ਦੋ ਦਿਨ ਘਰ ਵਿਚ ਨਜ਼ਰਬੰਦ ਰੱਖਣ ਦੇ ਹੁਕਮ ਦਿੱਤੇ ਸਨ। ਇਸ ਤੋਂ ਬਾਅਦ 26 ਅਕਤੂਬਰ ਤੱਕ ਉਹ ਘਰ ਵਿਚ ਨਜ਼ਰਬੰਦ ਸਨ।

# ਪੰਚਾਇਤ ਚੋਣਾਂ ਵਿਚ ਤੀਸਰੇ ਬੱਚੇ ਨੂੰ ਗੋਦ ਦੇਣ ਪਿੱਛੋਂ ਵੀ ਦੋ ਬੱਚਿਆਂ ਦਾ ਕਾਨੂੰਨ ਲਾਗੂ ਜ਼ਰੂਰ ਹੋਵੇਗਾ

ਨਵੀਂ ਦਿੱਲੀ, 28 ਅਕਤੂਬਰ (ਪੋਸਟ ਬਿਊਰੋ)- ਤੀਸਰੇ ਬੱਚੇ ਦੇ ਜਨਮ ਹੁੰਦੇ ਸਾਰ ਪੰਚਾਇਤ ਚੋਣ ਦਾ ਉਮੀਦਵਾਰ ਖੁਦ ਹੀ ਚੋਣ ਲੜਨ ਦੇ ਅਯੋਗ ਹੋ ਜਾਵੇਗਾ। ਇਹ ਅਹਿਮ ਫੈਸਲਾ ਸੁਪਰੀਮ ਕੋਰਟ ਨੇ ਸੁਣਾਇਆ। ਇਹੀ ਨਹੀਂ ਉਮੀਦਵਾਰ ਪੰਚਾਇਤ ਵਿੱਚ ਮੈਂਬਰ ਜਾਂ ਸਰਪੰਚ ਦੇ ਅਹੁਦੇ ਉੱਤੇ ਹੋਵੇ ਤਾਂ ਅਯੋਗ ਕਰਾਰ ਦਿੱਤਾ ਜਾਵੇਗਾ।



ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਐਸ ਕੇ ਕੌਲ ਅਤੇ ਕੇ ਐਮ ਜੋਸਫ ਦੇ ਬੈਂਚ ਨੇ ਇਹ ਫੈਸਲਾ ਸੁਣਾਇਆ ਹੈ। ਓਡਿਸ਼ਾ ਦੇ ਟਰਾਈਬਲ ਸਰਪੰਚ ਨੇ ਦੋ ਬੱਚਿਆਂ ਦੀ ਨੀਤੀ ਦਾ ਪਾਲਣ ਕਰਨ ਲਈ ਆਪਣੇ ਤੀਸਰੇ ਬੱਚੇ ਨੂੰ ਕਿਸੇ ਨੂੰ ਗੋਦ ਦੇ ਦਿੱਤਾ ਸੀ। ਇਸ ਉੱਤੇ ਅਦਾਲਤ ਨੇ ਕਿਹਾ ਕਿ ਪੰਚਾਇਤ ਰਾਜ ਐਕਟ ਦੇ ਮੁਤਾਬਕ ਉਹ ਅਜੇ ਵੀ ਪੰਚਾਇਤ ਚੋਣ ਲੜਨ ਲਈ ਅਯੋਗ ਹੈ, ਕਿਉਂਕਿ ਇਸ ਐਕਟ ਦੇ ਮੁਤਾਬਕ ਜੇ ਕਿਸੇ ਉਮੀਦਵਾਰ ਦੇ ਤਿੰਨ ਬੱਚੇ ਹਨ ਅਤੇ ਤਿੰਨੇ ਜਿਉਂਦੇ ਹਨ ਤਾਂ ਉਸ ਨੂੰ ਪੰਚਾਇਤ ਮੈਂਬਰ ਜਾਂ ਸਰਪੰਚ ਚੋਣਾਂ ਲੜਨ ਦੇ ਯੋਗ ਨਹੀਂ ਮੰਨਿਆ ਜਾਵੇਗਾ। ਕੋਰਟ ਨੇ ਕਿਹਾ ਕਿ ਇਸ ਐਕਟ ਦਾ ਮਕਸਦ ਬੱਚਿਆਂ ਦੀ ਗਿਣਤੀ ਨੂੰ ਕੰਟਰੋਲ ਕਰਨਾ ਹੈ, ਹਿੰਦੂਆਂ ਨੂੰ ਗੋਦ ਲੈਣ ਅਤੇ ਸੰਭਾਲ ਨਿਯਮ ਦੇ ਤਹਿਤ ਮਿਲਣ ਵਾਲੇ ਲਾਭਾਂ ਨੂੰ ਪਾਬੰਦੀ ਸ਼ੁਦਾ ਕਰਨਾ ਨਹੀਂ ਹੈ।

ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਮੀਨਾ ਸਿੰਘ ਮਾਂਝੀ ਨੇ ਓਡੀਸ਼ਾ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਮਾਂਝੀ ਦੇ ਤੀਸਰੇ ਬੱਚੇ ਦੇ ਜਨਮ ਪਿੱਛੋਂ ਉਸ ਨੂੰ ਸਰਪੰਚੀ ਅਹੁਦੇ ਲਈ ਅਯੋਗ ਐਲਾਨ ਕਰ ਦਿੱਤਾ ਸੀ। ਉਨ੍ਹਾਂ ਦੇ ਦੋ ਬੱਚਿਆਂ ਦਾ ਜਨਮ 1995 ਅਤੇ 1998 ਵਿੱਚ ਹੋਇਆ ਸੀ। ਫਰਵਰੀ 2002 ਵਿੱਚ ਮੀਨਾ ਸਿੰਘ ਸਰਪੰਚ ਬਣੇ ਅਤੇ ਉਸ ਦੇ ਬਾਅਦ ਅਗਸਤ 2002 ਵਿੱਚ ਉਨ੍ਹਾਂ ਦੇ ਤੀਸਰੇ ਬਾਚੇ ਦਾ ਜਨਮ ਹੋਇਆ ਸੀ। ਹਾਈ ਕੋਰਟ ਦੇ ਫੈਸਲੇ ਤੇ ਪੰਚਾਇਤ ਰਾਜ ਐਕਟ ਹੇਠ ਉਸ ਨੂੰ ਸਰਪੰਚ ਅਹੁਦੇ ਨੂੰ ਛੱਡਣਾ ਪਿਆ ਸੀ। ਇਸ ਦੇ ਬਾਅਦ ਮਾਂਝੀ ਨੇ ਸੁਪਰੀਮ ਕੋਰਟ ਪਹੁੰਚ ਕਰ ਕੇ ਦੱਸਿਆ ਕਿ ਉਸ ਨੇ ਆਪਣੇ ਪਹਿਲੇ ਬੱਚੇ ਨੂੰ 1999 ਵਿੱਚ ਗੋਦ ਦੇ ਦਿੱਤਾ ਸੀ।

# ਜਗੀਰ ਕੌਰ ਦੀ ਧੀ ਦੇ ਕਤਲ ਕੇਸ ਵਿੱਚ ਹਾਈ ਕੋਰਟ ਵਲੋਂ ਫੈਸਲਾ ਰਾਖਵਾਂ

ਚੰਡੀਗੜ੍ਹ, 28 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਅੱਜ ਸੀਨੀਅਰ ਅਕਾਲੀ ਆਗੂ ਬੀਬੀ ਜਗੀਰ ਕੌਰ ਦੀ ਬੇਟੀ ਦੇ ਕਤਲ ਕੇਸ ਦਾ ਫ਼ੈਸਲਾ ਰਾਖਵਾਂ ਰੱਖ ਲਿਆ ਹੈ।




ਮਿਲੀ ਜਾਣਕਾਰੀ ਅਨੁਸਾਰ ਇਸ ਕੇਸ ਦੀ ਸੁਣਵਾਈ ਕਰਨ ਵਾਲੇ ਹਾਈ ਕੋਰਟ ਦੇ ਬੈਂਚ ਦੀ ਅਗਵਾਈ ਜਸਟਿਸ ਐੱਮ ਬੀ ਚੌਧਰੀ ਨੇ ਕੀਤੀ। ਬੀਬੀ ਜਗੀਰ ਕੌਰ ਨੂੰ ਅਪਣੀ ਬੇਟੀ ਹਰਪ੍ਰੀਤ ਕੌਰ ਨੂੰ ਅਗਵਾ ਕਰਨ ਅਤੇ ਗਲਤ ਢੰਗ ਨਾਲ ਕੈਦ ਕਰ ਕੇ ਮਾਰ ਦੇਣ ਦੇ ਦੋਸ਼ ਵਿਚ 30 ਮਾਰਚ 2012 ਨੂੰ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ 5 ਸਾਲ ਕੈਦ ਦੀ ਸਜ਼ਾ ਦਿੱਤੀ ਸੀ। ਹਾਈ ਕੋਰਟ ਨੇ ਬੀਬੀ ਜਗੀਰ ਕੌਰ ਨੂੰ ਨਵੰਬਰ 2012 ਵਿਚ ਜ਼ਮਾਨਤ ਦੇ ਦਿੱਤੀ ਸੀ।

ਵਰਨਣ ਯੋਗ ਹੈ ਕਿ 20 ਅਪ੍ਰੈਲ 2000 ਨੂੰ ਜਗੀਰ ਕੌਰ ਦੀ ਧੀ ਦੀ ਸ਼ੱਕੀ ਹਾਲਾਤ 'ਚ ਮੌਤ ਹੋ ਗਈ ਸੀ। ਅਗਲੇ ਦਿਨ ਬੀਬੀ ਦੇ ਜੱਦੀ ਪਿੰਡ ਵਿੱਚ ਹਰਪ੍ਰੀਤ ਕੌਰ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਪਰ ਕੁਝ ਦਿਨ ਪਿੱਛੋਂ ਬੇਗੋਵਾਲ ਦੇ ਇਕ ਨੌਜਵਾਨ ਨੇ ਦਾਅਵਾ ਕੀਤਾ ਕਿ ਉਹ ਹਰਪ੍ਰੀਤ ਦਾ ਪਤੀ ਹੈ ਅਤੇ ਮਾਰੇ ਜਾਣ ਵੇਲੇ ਹਰਪ੍ਰੀਤ ਗਰਭਵਤੀ ਸੀ। 27 ਅਪ੍ਰੈਲ ਨੂੰ ਉਸ ਨੌਜਵਾਨ ਨੇ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਤਾਂ ਹਾਈ ਕੋਰਟ ਨੇ ਇਸ ਕੇਸ ਦੀ ਸੀ ਬੀ ਆਈ ਜਾਂਚ ਦੇ ਹੁਕਮ ਦਿੱਤੇ ਸਨ। ਪਟਿਆਲਾ ਦੀ ਸੀ ਬੀ ਆਈ ਅਦਾਲਤ ਨੇ ਮਾਰਚ 2012 ਵਿੱਚ ਜਗੀਰ ਕੌਰ ਨੂੰ 5 ਸਾਲ ਕੈਦ ਤੇ 5 ਹਜ਼ਾਰ ਰੁਪਏ ਜ਼ੁਰਮਾਨੇ ਦੀ ਸਜ਼ਾ ਦਿੱਤੀ ਸੀ। ਇਸ ਪਿੱਛੋਂ ਜਗੀਰ ਕੌਰ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ, ਜਿਸ ਤੋਂ ਬਾਅਦ ਹਾਈ ਕੋਰਟ ਨੇ ਕੇਸ ਦੀ ਸੁਣਵਾਈ ਕਰਦੇ ਹੋਏ ਅੱਜ ਇਸ ਕੇਸ ਬਾਰੇ ਫੈਸਲਾ ਰਾਖਵਾਂ ਰੱਖ ਲਿਆ ਹੈ।

# ਕਠੂਆ ਨੇੜੇ ਲੁਟੇਰਿਆਂ ਨੇ ਟਰੱਕ ਵਿੱਚੋਂ ਕਰੋੜ ਰੁਪਏ ਲੁੱਟ ਲਏ



ਕਠੂਆ, 28 ਅਕਤੂਬਰ (ਪੋਸਟ ਬਿਊਰੋ)- ਜੰਮੂ-ਪਠਾਨਕੋਟ ਨੈਸ਼ਨਲ ਹਾਈਵੇ ਉਤੇ ਦਿੱਲੀ ਜਾ ਰਹੇ ਇੱਕ ਟਰੱਕ ਵਿੱਚੋਂ ਤਿੰਨ ਹਥਿਆਰਬੰਦ ਲੁਟੇਰਿਆਂ ਨੇ ਇੱਕ ਕਰੋੜ ਰੁਪਏ ਦੀ ਨਕਦੀ ਲੁੱਟ ਲਈ।

ਪੁਲਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕੱਲ੍ਹ ਦੱਸਿਆ ਕਿ ਸਾਂਬਾ ਜ਼ਿਲ੍ਹੇ ਦੇ ਬਾੜੀ ਬ੍ਰਾਹਮਣਾਂ ਤੋਂ ਉਕਤ ਟਰੱਕ ਦੇ ਦਿੱਲੀ ਲਈ ਰਵਾਨਾ ਹੋਣ ਤੋਂ ਕੁਝ ਦੇਰ ਬਾਅਦ ਲੁਟੇਰਿਆਂ ਨੇ ਕਠੂਆ ਜ਼ਿਲ੍ਹੇ ਦੇ ਬੜਵਾਲ ਇਲਾਕੇ ਵਿੱਚ ਤੜਕੇ ਉਸ ਨੂੰ ਰੋਕ ਲਿਆ। ਟਰੱਕ ਡਰਾਈਵਰ ਤੇ ਉਸ ਨਾਲ ਸਫਰ ਕਰ ਰਹੇ ਇੱਕ ਹੋਰ ਵਿਅਕਤੀ ਨੂੰ ਧਮਕੀ ਦੇਣ ਪਿੱਛੋਂ ਲੁਟੇਰੇ ਨਕਦੀ ਲੈ ਕੇ ਫਰਾਰ ਹੋ ਗਏ। ਪੁਲਸ ਦੀ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਰਕਮ ਇਥੋਂ ਦੀ ਇੱਕ ਕੰਪਨੀ ਦੀ ਸੀ, ਜਿਸ ਨੂੰ ਦਿੱਲੀ ਦੀ ਇੱਕ ਸਹਿਯੋਗੀ ਕੰਪਨੀ ਕੋਲ ਟਰੱਕ ਰਾਹੀਂ ਭੇਜਿਆ ਜਾ ਰਿਹਾ ਸੀ। ਇਸ ਬਾਰੇ ਸ਼ੱਕ ਹੈ ਕਿ ਕਿਸੇ ਨੂੰ ਇਸ ਬਾਰੇ ਪਹਿਲਾਂ ਤੋਂ ਜਾਣਕਾਰੀ ਸੀ। ਲੁੱਟ ਬਾਰੇ ਮਾਡਰਨ ਇੰਟਰਪ੍ਰਾਈਜ਼ਿਜ਼ ਬਾੜੀ ਬ੍ਰਾਹਮਣਾਂ ਦੇ ਸੀਨੀਅਰ ਮੈਨਜਰ ਨਰਿੰਦਰ ਚੋਪੜਾ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਹੈ।

# ਬਿਨਾਂ ਤੇਲ ਭਰੇ ਉਡਣ ਲੱਗਾ ਜਹਾਜ਼ ਪਾਇਲਟ ਨੇ ਰਨਵੇਅ ਉੱਤੇ ਪਾਵਰ ਬਰੇਕ ਲਾ ਕੇ ਰੋਕਿਆ

ਮੋਹਾਲੀ, 28 ਅਕਤੂਬਰ (ਪੋਸਟ ਬਿਊਰੋ)- ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਉਤੇ ਓਦੋਂ ਭਾਜੜ ਮਚ ਗਈ ਜਦੋਂ ਇੰਡੀਗੋ ਏਅਰਲਾਈਨਜ਼ ਦੀ ਉਡਾਣ ਤੇਲ ਭਰਵਾਏ ਬਿਨਾਂ ਹੀ ਉੱਡਣ ਲੱਗੀ ਰੋਕ ਦਿੱਤੀ ਗਈ। ਰਨਵੇ ਉੱਤੇ ਜਹਾਜ਼ ਜਦੋਂ ਰਫਤਾਰ ਫੜ ਚੁੱਕਾ ਸੀ ਤਾਂ ਪਾਇਲਟ ਨੂੰ ਇਕ ਐਮਰਜੈਂਸੀ ਸਿਗਨਲ ਮਿਲਿਆ ਕਿ ਜਹਾਜ਼ ਵਿੱਚ



ਤੇਲ ਖਤਮ ਹੈ। ਇਸ ਦੇ ਨਾਲ ਹੀ ਪਾਇਲਟ ਨੇ ਸਪੀਡ ਉਤੇ ਕੰਟਰੋਲ ਕਰਨ ਲਈ ਪਾਵਰ ਬਰੇਕ ਲਗਾਏ ਅਤੇ ਅਚਾਨਕ ਲੱਗੀ ਪਾਵਰ ਬ੍ਰੇਕ ਕਾਰਨ ਸਾਰੇ ਯਾਤਰੀ ਡਰ ਗਏ। ਇਸ ਘਟਨਾ ਸਮੇਂ ਜਹਾਜ਼ ਵਿੱਚ 160 ਯਾਤਰੀ ਸਵਾਰ ਸਨ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਦੁਪਹਿਰ ਬਾਅਦ ਇੰਡੀਗੋ ਏਅਰ ਇੰਡੀਆ ਦੀ ਉਡਾਣ ਚੰਡੀਗੜ੍ਹੋਂ ਹੈਦਰਾਬਾਦ ਲਈ ਉਡਣ ਵਾਲੀ ਸੀ। ਉਡਾਣ ਵਿੱਚ ਮੌਜੂਦ ਇੱਕ ਮੁਸਾਫਰ ਨੇ ਦੱਸਿਆ ਕਿ ਨਿਸ਼ਚਿਤ ਸਮੇਂ ਉੱਤੇ ਜਹਾਜ਼ ਨੇ ਉਡਾਣ ਭਰਨ ਲਈ ਸਪੀਡ ਫੜੀ ਹੀ ਸੀ ਕਿ ਪਾਇਲਟ ਨੇ ਅਚਾਨਕ ਜ਼ਬਰਦਸਤੀ ਬ੍ਰੇਕ ਲਾ ਦਿੱਤੀ। ਪਾਇਲਟ ਨੇ ਯਾਤਰੀਆਂ ਨੂੰ ਦੱਸਿਆ ਕਿ ਏ ਟੀ ਸੀ ਤੋਂ ਸੰਦੇਸ਼ ਮਿਲਿਆ ਹੈ ਕਿ ਜਹਾਜ਼ ਵਿੱਚ ਤੇਲ ਨਹੀਂ ਭਰਿਆ ਗਿਆ। ਇਸ ਲਈ ਜਹਾਜ਼ ਉਡਾਣ ਭਰ ਲੈਂਦਾ ਤਾਂ ਵੱਡਾ ਹਾਦਸਾ ਹੋ ਸਕਦਾ ਸੀ। ਫਿਰ ਤੇਲ ਭਰਨ ਦੇ 35 ਮਿੰਟ ਬਾਅਦ ਜਹਾਜ਼ ਨੇ ਦੁਬਾਰਾ ਉਡਾਣ ਭਰੀ।

# ਰਾਹੁਲ ਗਾਂਧੀ ਦੀ ਅਗਵਾਈ ਹੇਠ ਵਿਰੋਧੀ ਦਲਾਂ ਵੱਲੋਂ ਸੀ ਬੀ ਆਈ ਹੈੱਡ ਕੁਅਰਟਰ ਵੱਲ ਮਾਰਚ

ਨਵੀਂ ਦਿੱਲੀ, 28 ਅਕਤੂਬਰ, (ਪੋਸਟ ਬਿਊਰੋ)- ਸੀ ਬੀ ਆਈ ਡਾਇਰੈਕਟਰ ਆਲੋਕ ਵਰਮਾ ਨੂੰ ਅੱਧੀ ਰਾਤ ਨੂੰ ਜਬਰੀ ਛੁੱਟੀ ਉੱਤੇ ਭੇਜਣ ਤੇ ਜ਼ਿੰਮੇਵਾਰੀਆਂ ਤੋਂ ਲਾਂਭੇ ਕਰਨ ਦੇ ਖ਼ਿਲਾਫ਼ ਅੱਜ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਏਥੇ ਸੈਂਕੜੇ ਪਾਰਟੀ ਵਰਕਰਾਂ ਨਾਲ ਕੇਂਦਰੀ ਜਾਂਚ ਏਜੰਸੀ ਦੇ ਹੈੱਡ ਕੁਅਰਟਰ ਵੱਲ ਮਾਰਚ ਕਰ ਕੇ ਗ੍ਰਿਫ਼ਤਾਰੀਆਂ ਦਿੱਤੀ। ਉਨ੍ਹਾਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਇਸ ਸਾਰੇ ਘਟਨਾਕ੍ਰਮ ਦੇ ਲਈ ਮੁਆਫ਼ੀ ਮੰਗਣ।



ਇਸ ਮੌਕੇ ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੀ ਹਰ ਸੰਸਥਾ ਹੀ ਤਬਾਹ ਕਰ ਛੱਡੀ ਹੈ। ਉਨ੍ਹਾਂ ਕਿਹਾ ਕਿ ਇਸ ਆਪਣੇ ਆਪ ਨੂੰ 'ਚੌਕੀਦਾਰ' ਕਹਿਣ ਵਾਲੇ ਨੂੰ ਚੋਰੀ ਕਰਨ ਦੀ ਇਜਾਜ਼ਤ ਕਾਂਗਰਸ ਨਹੀਂ ਦੇਵੇਗੀ। ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸਚਾਈ ਤੋਂ ਭੱਜ ਸਕਦੇ ਹਨ, ਪਰ ਕਿਤੇ ਲੁਕ ਨਹੀਂ ਸਕਦੇ। ਉਨ੍ਹਾ ਨੇ ਕਿਹਾ ਕਿ ਸੱਚ ਬਾਹਰ ਆਵੇਗਾ, ਸੀ ਬੀ ਆਈ ਡਾਇਰੈਕਟਰ ਨੂੰ ਲਾਂਭੇ ਕਰਨ ਨਾਲ ਬਦਲੇਗਾ ਨਹੀਂ।

ਅੱਜ ਕਾਂਗਰਸ ਵੱਲੋਂ ਪਟਨਾ, ਚੰਡੀਗੜ੍ਹ ਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸੀ ਬੀ ਆਈ ਦਫ਼ਤਰਾਂ ਅੱਗੇ ਵੀ ਪ੍ਰਦਰਸ਼ਨ ਕੀਤਾ ਗਿਆ।

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਅੱਜ ਦੇਸ਼ ਭਰ ਵਿੱਚ ਸੀ ਬੀ ਆਈ ਦਫ਼ਤਰਾਂ ਅੱਗੇ ਪ੍ਰਦਰਸ਼ਨ ਦੇ ਪ੍ਰੋਗਰਾਮ ਹੇਠ ਸੈਂਕੜੇ ਪਾਰਟੀ ਵਰਕਰਾਂ ਨਾਲ ਦਿੱਲੀ ਦੇ ਲੋਧੀ ਰੋਡ ਉਤੇ ਦਿਆਲ ਸਿੰਘ ਕਾਲਜ ਤੋਂ ਸੀ ਬੀ ਆਈ ਹੈੱਡ ਕੁਅਰਟਰ ਤੱਕ (ਲਗਪਗ ਇਕ ਕਿਲੋਮੀਟਰ) ਮਾਰਚ ਕੀਤਾ। ਫਿਰ ਉਨ੍ਹਾਂ ਨੇ ਪਾਰਟੀ ਦੇ ਸੀਨੀਅਰ ਆਗੂਆਂ ਅਸ਼ੋਕ ਗਹਿਲੋਤ ਤੇ ਭੁਪਿੰਦਰ ਸਿੰਘ ਹੁਡਾ ਨਾਲ ਗ੍ਰਿਫ਼ਤਾਰੀ ਦਿੱਤੀ। ਲੋਧੀ ਕਾਲੋਨੀ ਥਾਣੇ ਵਿੱਚ ਗ੍ਰਿਫ਼ਤਾਰੀ ਦੇਣ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰਾਹੁਲ ਗਾਂਧੀ ਨੇ ਕਿਹਾ, 'ਚੌਕੀਦਾਰ ਨੇ ਭਾਰਤੀ ਹਵਾਈ ਫੌਜ ਤੇ ਨੌਜਵਾਨਾਂ ਤੋਂ ਪੈਸਾ ਚੋਰੀ ਕੀਤਾ ਹੈ ਤੇ ਸਾਰਾ ਦੇਸ਼ ਇਹ ਗੱਲ ਸਮਝਦਾ ਹੈ। ਪ੍ਰਧਾਨ ਮੰਤਰੀ ਭੱਜ ਸਕਦੇ ਹਨ, ਪਰ ਇਸ ਸਚਾਈ ਤੋਂ ਲੁਕ ਨਹੀਂ ਸਕਦੇ।'

ਇਸ ਤੋਂ ਪਹਿਲਾਂ ਕਾਂਗਰਸ ਦੇ ਪ੍ਰਦਰਸ਼ਨ ਕਰਤਿਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੀ ਬੀ ਆਈ, ਚੋਣ ਕਮਿਸ਼ਨ ਤੇ ਐਨਫੋਰਸਮੈਂਟ ਡਾਇਰੈਕਟੋਰੇਟ ਵਰਗੀਆਂ ਸੰਸਥਾਵਾਂ ਨੂੰ ਤਬਾਹ ਕਰ ਦਿੱਤਾ ਹੈ। ਇਸ ਰੋਸ ਮਾਰਚ ਵਿੱਚ ਸੀਨੀਅਰ ਕਾਂਗਰਸੀ ਆਗੂਆਂ ਅਹਿਮਦ ਪਟੇਲ, ਮੋਤੀ ਲਾਲ ਵੋਹਰਾ, ਵੀਰੱਪਾ ਮੋਇਲੀ ਤੇ ਆਨੰਦ ਸ਼ਰਮਾ ਤੋਂ ਇਲਾਵਾ ਲੋਕਤਾਂਤਰਿਕ ਜਨਤਾ ਦਲ ਦੇ ਆਗੂ ਸ਼ਰਦ ਯਾਦਵ, ਸੀ ਪੀ ਆਈ ਆਗੂ ਡੀ. ਰਾਜਾ ਅਤੇ ਤ੍ਰਿਣਮੂਲ ਕਾਂਗਰਸ ਦੇ ਨਦੀਮੁਲ ਹੱਕ ਵੀ ਸ਼ਾਮਲ ਸਨ।

ਫੂਡ ਡਿਸਟਰੀਬਿਊਸ਼ਨ ਕੰਪਣੀ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ
(PART TIME/FULL TIME)
ਚੰਗੀ ਜੋਬ ਤੇ ਵਧੀਆ ਤਨਖਾਹ

Job Description:
•Order picking and packing as well as stocking up of shelves.
•Contribute to daily inbound or outbound warehouse operations.
•Pallet/case and wrap skids, Organize warehouse space, Pick and load orders quickly and accurately and other duties as required.

Requirements:
•Capable of lifting up to 50lbs.
•Able to speak English
•Shift time from 3pm to 11pm on week days
•Hourly rate of $16 to $17 depending upon experience

Please Email your resume at [illegible] or by fax at +1 647-351-7157 or call Ram at +1 647-831-8148 (Morning) or Shiva at +1 416-666-6525 (Evening).

Jobs Jobs Jobs
General Labour/ Drivers/ Window Assemblers & Machine Operators

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

# ਸਿਸਟਮ ਕਿਉਂ ਅਣਸੁਖਾਵਾਂ ਮਹਿਸੂਸ ਕਰ ਰਿਹਾ ਹੈ ਜਗਮੀਤ ਸਿੰਘ ਤੋਂ ?

...ਪੰਨਾ 1 ਦਾ ਬਾਕੀ

ਅੱਜ ਅਸੀਂ ਕੁੱਝ ਉਹਨਾਂ ਗੱਲ ਨੂੰ ਸਾਹ-ਮਣੇ ਲਿਆ ਰਹੇ ਹਾਂ ਜਿਹਨਾਂ ਰਾਹੀਂ ਬੀਤੇ ਵਿੱਚ ਜਗਮੀਤ ਸਿੰਘ ਬਾਰੇ ਖਾਸ ਕਿਸਮ ਦਾ ਬਿਰਤਾਂਤ ਖੜਾ ਕੀਤਾ ਜਾ ਰਿਹਾ ਹੈ।

ਜਗਮੀਤ ਸਿੰਘ ਨੇ ਬਰਨਬੀ ਸਾਊਥ (ਬੀ ਸੀ) ਦੀ ਸੀਟ ਲੜਨ ਦਾ ਕਈ ਮਹੀਨੇ ਪਹਿਲਾਂ ਐਲਾਨ ਕਰ ਦਿੱਤਾ ਸੀ। ਉਹ ਆਪਣੀ ਪਤਨੀ ਨਾਲ ਉੱਥੇ ਸ਼ਿਫਟ ਕਰਕੇ ਚੋਣ ਪ੍ਰਚਾਰ ਕਰਦਾ ਆ ਰਿਹਾ ਹੈ। ਪਿਛਲੇ ਇੱਕ ਮਹੀਨੇ ਤੋਂ ਲਿਬਰਲ ਪਾਰਟੀ ਵੱਲੋਂ ਇਹ ਪ੍ਰਭਾਵ ਦਿੱਤਾ ਜਾਣ ਲੱਗਾ ਕਿ ਸਮਾਂ ਆਉਣ ਉੱਤੇ ਜਗਮੀਤ ਸਿੰਘ ਪ੍ਰਤੀ 'Leader's courtesy" ਭਾਵ ਲੀਡਰ ਪ੍ਰਤੀ ਅਦਬ ਜਾਂ ਸ਼ਾਲੀਨਤਾ ਵਿਖਾਈ ਜਾਵੇਗੀ। ਇਸਦਾ ਅਰਥ ਹੁੰਦਾ ਹੈ ਕਿ ਕੈਨੇਡਾ ਦੀਆਂ ਮਹਾਨ ਲੋਕਤਾਂਤਰਿਕ ਪ੍ਰੰਪਰਾਵਾਂ ਦਾ ਸਨਮਾਨ ਕਰਦੇ ਹੋਏ ਕਿਸੇ ਸਿਆਸੀ ਧਿਰ ਦੇ ਨੇਤਾ ਦੇ ਪਾਰਲੀਮੈਂਟ ਵਿੱਚ ਦਾਖ਼ਲੇ ਦਾ ਵਿਰੋਧ ਨਹੀਂ ਕੀਤਾ ਜਾਂਦਾ। ਕੱਲ ਇਸਦੇ ਪਰੰਪਰਾ ਦੇ ਵਿਪਰੀਤ ਪਲਟਾ ਵਾਰ ਕਰਦੇ ਹੋਏ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਉਂਟੇਰੀਓ ਵਿੱਚ ਲੀਡਜ਼ ਗਰੈਨਵਿੱਲ ਥਾਊਜ਼ੈਂਡ ਆਈਲੈਂਡ ਰਾਈਡਿੰਗ ਲਈ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ ਹੈ ਪਰ ਬਰਨਬੀ ਸਾਊਥ ਨੂੰ ਛੱਡ ਦਿੱਤਾ ਹੈ।

ਬਰਨਬੀ ਸਾਊਥ ਤੋਂ ਜਿੱਤ ਕੇ ਪਾਰਲੀਮੈਂਟ ਦਾਖਲ ਹੋਣ ਅਤੇ ਆਲੋਚਕਾਂ ਦੇ ਮੂੰਹ ਬੰਦ ਕਰਨ ਲਈ ਜਗਮੀਤ ਸਿੰਘ ਵੱਲੋਂ ਕੀਤੀ ਜਾ ਰਹੀ ਤਿਆਰੀ ਨੂੰ ਖਰਾਬ ਕਰਨ ਦੀ ਇਸਤੋਂ ਮਾੜੀ ਹੋਰ ਕਿਹੜੀ ਚਾਲ ਹੋ ਸਕਦੀ ਹੈ? ਬਰਨਬੀ ਚੋਣ ਜਿੱਤਣ ਤੱਕ ਜਗਮੀਤ ਸਿੰਘ ਦਾ ਪੂਰਾ ਧਿਆਨ ਇਸ ਰਾਈਡਿੰਗ ਉੱਤੇ ਕੇਂਦਰਿਤ ਹੋਣਾ ਸੁਭਾਵਕ ਹੈ ਪਰ ਅਗਲੀਆਂ ਚੋਣਾਂ ਵਿੱਚ ਇੱਕ ਸਾਲ ਤੋਂ ਵੀ ਘੱਟ ਸਮਾਂ ਰਹਿ ਜਾਣ ਕਾਰਣ ਉਹ ਪੂਰੇ ਦੇ ਪੂਰੇ ਕੈਨੇਡਾ ਨੂੰ ਕਦੋਂ ਤੱਕ ਅੱਖੋਂ ਪਰੋਖੇ ਕਰ ਸਕੇਗਾ? ਕੀ ਇਹੀ ਹੈ ਲਿਬਰਲ ਪਾਰਟੀ ਦੀ ਵਿਰੋਧੀ ਸਿਆਸੀ ਪਾਰਟੀ ਦੇ ਨੇਤਾ ਪ੍ਰਤੀ ਸ਼ਾਲੀਨਤਾ?



ਐਨ ਡੀ ਪੀ ਦੇ ਅੰਦਰੂਨੀ ਸਿਸਟਮ ਦਾ ਜਗਮੀਤ ਸਿੰਘ ਦੀ ਲੀਡਰਸ਼ਿੱਪ ਨੂੰ ਲੈ ਕੇ ਅਣਸੁਖਾਵੇਂ ਹਉਕੇ ਭਰਨਾ ਜਾਰੀ ਹੈ। ਪਾਰਟੀ ਅੰਦਰਲੀਆਂ ਕਣਸੋਆਂ ਹਨ ਕਿ ਐਨ ਡੀ ਪੀ ਲੀਡਰਸ਼ਿੱਪ ਰੇਸ ਵਿੱਚ ਦੂਜੇ ਨੰਬਰ ਉੱਤੇ ਆਏ ਐਮ ਪੀ ਚਾਰਲੀ ਐਨਗਸ ਵੱਲੋਂ ਉਸਦਾ ਵਿਰੋਧ ਮੱਠਾ ਨਹੀਂ ਹੋਇਆ ਹੈ। ਬੇਸ਼ੱਕ ਐਨ ਡੀ ਪੀ 2011 ਵਿੱਚ ਜੈਕ ਲੇਅਟਨ ਬਦੌਲਤ ਹੋਈ ਚੜਾਈ ਤੋਂ ਬਾਅਦ ਪਾਰਟੀ ਲਗਾਤਾਰ ਵੋਟਰਾਂ ਦੇ ਮਨਾਂ ਵਿੱਚੋਂ ਖਿਸਕਦੀ ਚਲੀ ਆ ਰਹੀ ਹੈ ਪਰ ਜਗਮੀਤ ਸਿੰਘ ਦੇ ਲੀਡਰ ਬਣਨ ਤੋਂ ਬਾਅਦ ਅਜਿਹਾ ਪ੍ਰਭਾਵ ਪੈਦਾ ਕੀਤਾ ਜਾ ਰਿਹਾ ਹੈ ਜਿਵੇਂ ਸੱਭ ਕੁੱਝ ਲਈ ਉਹ ਅਤੇ ਸਿਰਫ਼ ਉਹ ਹੀ ਜੁੰਮੇਵਾਰ ਹੋਵੇ। ਬੀਤੇ ਦਿਨੀਂ ਐਨ ਡੀ ਪੀ ਦੀ ਮੈਂਬਰ ਪਾਰਲੀਮੈਂਟ ਸ਼ੀਲਾ ਮੈਕਕੋਲਮਸਨ ਨੇ ਆਪਣੀ ਪਾਰਲੀਮੈਂਟ ਸੀਟ ਛੱਡ ਕੇ ਬ੍ਰਿਟਿਸ਼ ਕੋਲੰਬੀਆ ਦੀ ਪ੍ਰੋਵਿੰਸ਼ੀਅਲ ਸਿਆਸਤ ਵਿੱਚ ਕੁੱਦਣ ਦਾ ਐਲਾਨ ਕੀਤਾ। ਮੁੱਖ ਧਾਰਾ ਦੇ ਮੀਡੀਆ ਵੱਲੋਂ ਸ਼ੀਲਾ ਦੇ ਇਸ ਫੈਸਲੇ ਨੂੰ ਵੀ ਜਗਮੀਤ ਸਿੰਘ ਦੀ ਕਾਰਗੁਜ਼ਾਰੀ ਨਾਲ ਜੋੜ ਕੇ ਵੇਖਣਾ ਅਤੇ ਪ੍ਰਚਾਰ ਕਰਨਾ ਬਹੁਤ ਅਣਸੁਖਾਵਾਂ ਪ੍ਰਭਾਵ ਹੈ।

ਜਿੱਥੇ ਤੱਕ ਮੀਡੀਆ ਦਾ ਸੁਆਲ ਹੈ, ਇਸ ਬਾਰੇ ਵਿਸ਼ੇਸ਼ ਟਿੱਪਣੀ ਕੀਤੀ ਜਾਣੀ ਬਣਦੀ ਹੈ। ਬੀਤੇ ਦੋ ਕੁ ਮਹੀਨਿਆਂ ਵਿੱਚ ਸ਼ਾਇਦ ਹੀ ਕੋਈ ਮੀਡੀਆ ਆਊਟਲੈੱਟ ਹੋਵੇ ਜਿਸਨੇ ਇੱਕ ਜਾਂ ਦੂਜਾ ਦ੍ਰਿਸ਼ਟੀਕੋਣ ਪਕੜ ਕੇ ਐਨ ਡੀ ਪੀ ਦੀਆਂ ਮੁਸ਼ਕਲਾਂ ਦੀ ਜੁੰਮੇਵਾਰੀ ਦਾ ਸਿੱਧਾ ਅਤੇ ਸਪੱਸ਼ਟ ਇਸ਼ਾਰਾ ਜਗਮੀਤ ਸਿੰਘ ਵੱਲ ਨਾ ਕੀਤਾ ਹੋਵੇ। ਕੁੱਝ ਸੁਰਖੀਆਂ ਦਾ ਜ਼ਿਕਰ ਕਰਨਾ ਲਾਜ਼ਮੀ ਹੋਵੇਗਾ।

ਜਗਮੀਤ ਸਿੰਘ ਦੀ ਲੀਡਰਸ਼ਿੱਪ ਦੇ ਸਿਰਫ਼ ਛੇ ਮਹੀਨਿਆਂ ਦੇ ਕਾਰਜਕਾਲ ਤੋਂ ਬਾਅਦ ਟੋਰਾਂਟੋ ਸਟਾਰ ਦੇ ਇੱਕ ਲੇਖ ਦਾ ਸਿਰਲੇਖ ਸੀ, "ਜਗਮੀਤ ਸਿੰਘ ਦੀ ਲੀਡਰਸ਼ਿਪ ਵਿੱਚ ਐਨ ਡੀ ਪੀ ਨੂੰ ਲਾਭ ਨਾਲੋਂ ਖਤਰੇ ਵਧੇਰੇ"। ਇਸਤੋਂ ਬਾਅਦ ਇੱਕ ਤੋਂ ਬਾਅਦ ਇੱਕ ਆਊਟਲੈੱਟ ਨੇ ਆਪੋ ਆਪਣੇ ਕੋਣ ਤੋਂ ਗੱਲਾਂ ਕਰਨੀਆਂ ਆਰੰਭ ਕਰ ਦਿੱਤੀਆਂ। "ਕਾਕਸ ਮੀਟਿੰਗ ਤੋਂ ਪਹਿਲਾਂ ਜਗਮੀਤ ਸਿੰਘ ਦੀਆਂ ਮੁਸ਼ਕਲਾਂ ਵਿੱਚ ਵਾਧਾ' - 10 ਸਤੰਬਰ ਗਲੋਬ ਐਂਡ ਮੇਲ। "ਐਨ ਡੀ ਪੀ ਨੂੰ ਦਰਪੇਸ਼ ਹੋਣਗੇ ਹੰਗਾਮੀ ਹਾਲਾਤ ਜੇ ਜਗਮੀਤ ਸਿੰਘ ਨੇ ਸਥਿਤੀ ਨਾ ਸੁਧਾਰੀ" - 21 ਸਤੰਬਰ ਗਲੋਬ ਐਂਡ ਮੇਲ।

ਇਹੋ ਜਿਹੇ ਆਰਟੀਕਲਾਂ ਦਾ ਲਗਾਤਰ ਆਉਣਾ ਜਾਰੀ ਰਿਹਾ ਹੈ। "ਆ ਰਹੀਆਂ 2019 ਦੀਆਂ ਚੋਣਾਂ ਸਨਮੁਖ ਬਹਾਦਰੀ ਦਾ ਮਾਖੌਟਾ ਪਰਦ੍ਰਸ਼ਿਤ ਕਰ ਰਿਹਾ ਹੈ ਜਗਮੀਤ ਸਿੰਘ" 30 ਸਤੰਬਰ ਟੋਰਾਂਟੋ ਸਟਾਰ। "ਤਾਜ਼ਾ ਚੋਣ ਸਰਵੇਖਣਾਂ ਵਿੱਚ ਜਗਮੀਤ ਸਿੰਘ ਚੱਲ ਰਿਹਾ ਹੈ ਪਿੱਛੇ- ਕੀ ਪ੍ਰਭਾਵ ਹੋਵੇਗਾ ਇਸਦਾ 2019 ਦੀਆਂ ਚੋਣਾਂ ਵਿੱਚ"- 16 ਅਕਤੂਬਰ ਗਲੋਬਲ ਨਿਊਜ਼। "ਬਰਨਬੀ ਦੇ ਰੀਪਬਲਿਕ ਵਿੱਚ ਜਗਮੀਤ ਸਿੰਘ ਇਹ ਦਰਸਾਉਣ ਦੀ ਕੋਸ਼ਿਸ਼ ਵਿੱਚ ਕਿ ਮੈਂ ਇਨਸਟਾਗਰਾਮ ਸਿਆ-ਸਤਦਾਨ ਤੋਂ ਕੁੱਝ ਜ਼ਿਆਦਾ ਹਾਂ" ਨੈਸ਼ਨਲ ਪੋਸਟ 10 ਅਕਤੂਬਰ। "ਸੁਖ ਆਰਾਮ ਦੇ ਜੀਵਨ ਵਿੱਚ ਉਲਝਿਆ ਜਗਮੀਤ ਸਿੰਘ" 19 ਅਕਤੂਬਰ 'ਦਾ ਪ੍ਰੋਵਿੰਸ'।

'ਫੈਡਰਲ ਸੀਟ ਜਿੱਤਣ ਲਈ ਸਮਾਂ ਜਗਮੀਤ ਸਿੰਘ ਦੇ ਹੱਕ ਵਿੱਚ ਨਹੀਂ" ਕੇਪ ਬਰੈਟਨ ਪੋਸਟ 26 ਅਕਤੂਬਰ। 'ਐਨ ਡੀ ਪੀ ਕਾਰਵਾਂ ਦਾ ਕਮਜ਼ੋਰ ਹੋਣਾ ਜਾਰੀ" ਗਲੋਬਲ ਨਿਊਜ਼ 25 ਅਕਤੂਬਰ। "ਐਨ ਡੀ ਪੀ ਅਤੇ ਜਗਮੀਤ ਸਿੰਘ ਲਈ ਹਾਲਾਤ ਬਹੁਤ ਖਰਾਬ" ਓਟਵਾ ਸਿਟੀਜ਼ਨ 3 ਅਗਸਤ। "ਕਈ ਦੁੱਖਾਂ ਪੀੜਾਂ ਦਾ ਸਾਹਮਣਾ ਹੈ ਐਨ ਡੀ ਪੀ ਲੀਡਰ ਜਗਮੀਤ ਸਿੰਘ ਨੂੰ" ਗਲੋਬ ਐਂਡ ਮੇਲ 29 ਅਗਸਤ।

ਇਹ ਕੁੱਝ ਮਿਸਾਲਾਂ ਹਨ ਜਿਹੜੀਆਂ ਮੇਨਸਟਰੀਮ ਮੀਡੀਆ ਨੇ ਜਗਮੀਤ ਸਿੰਘ ਬਾਰੇ ਬਿਰਤਾਂਤ ਦੀਆਂ ਖੜੀਆਂ ਕੀਤੀਆਂ ਹਨ। ਕੀ ਅਜਿਹਾ ਕੀਤੇ ਜਾਣ ਨੂੰ ਸੁਭਾਵਿਕ ਗੱਲ ਮੰਨ ਲਿਆ ਜਾਵੇ ਜਾਂ ਇੱਕ ਸੋਚੀ ਸਮਝੀ ਚਾਲ ਦਾ ਹਿੱਸਾ? ਉਸ ਸਿਸਟਮ ਦੀ ਚਾਲ ਜਿਸ ਵਿੱਚ ਹਾਲੇ ਇੱਕ ਭੂਰੀ ਚਮੜੀ ਵਾਲੇ ਦਸਤਾਰਧਾਰੀ ਸਿੱਖ ਨੂੰ ਮੇਨਸਟਰੀਮ ਮੰਨਣ ਵਿੱਚ ਤਕਲੀਫ ਹੋ ਰਹੀ ਹੈ। ਪਿਛਲੇ ਸਾਲ ਐਨ ਡੀ ਪੀ ਲੀਡਰਸ਼ਿੱਪ ਚੋਣ ਤੋਂ ਦੋ ਜਾਂ ਤਿੰਨ ਦਿਨ ਪਹਿਲਾਂ ਚਾਰਲੀ ਸਮਿਥ ਵੱਲੋਂ ਲਿਖਿਆ ਇੱਕ ਆਰਟੀਕਲ ਚਰਚਾ ਦਾ ਵਿਸ਼ਾ ਬਣਿਆ ਸੀ। ਆਰਟੀਕਲ ਦਾ ਸਿਰਲੇਖ ਸੀ, "ਕੀ ਕੈਨੇਡਾ ਤਿਆਰ ਹੈ ਜਗਮੀਤ ਸਿਮਘ ਦੇ ਪ੍ਰਧਾਨ ਮੰਤਰੀ ਬਣ ਜਾਣ ਲਈ"?

ਇਕ ਸਾਲ ਦਾ ਸਮਾਂ ਪਾ ਕੇ ਹਾਲਾਤ ਇੰਝ ਬਣਾਏ ਜਾ ਰਹੇ ਹਨ ਜਿਵੇਂ ਪ੍ਰਧਾਨ ਮੰਤਰੀ ਦੀ ਕੁਰਸੀ ਦੀ ਗੱਲ ਬਹੁਤ ਦੂਰ, ਸਿਸਟਮ ਉਸਨੂੰ ਇੱਕ ਐਮ ਪੀ ਬਣਾਏ ਜਾਣ ਵਿੱਚ ਵੀ ਅਣਸੁਖਾਵਾਂ ਮਹਿਸੂਸ ਕਰ ਰਿਹਾ ਹੈ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਟਰੂਡੋ ਨੇ ਚਾਰਾਂ ਵਿੱਚੋਂ ਸਿਰਫ ਇੱਕ ਸੀਟ ਲਈ ਜ਼ਿਮਨੀ ਚੋਣਾਂ ਦਾ ਕੀਤਾ ਐਲਾਨ

...ਪੰਨਾ 1 ਦਾ ਬਾਕੀ

ਇਨ੍ਹਾਂ ਵਿੱਚ ਸਾਬਕਾ ਐਨਡੀਪੀ ਆਗੂ ਟੌਮ ਮਲਕੇਅਰ ਦੀ ਕਿਊਬਿਕ ਦੇ ਆਊਟਰਮੌਂਟ ਵਾਲੀ ਸੀਟ, ਓਨਟਾਰੀਓ ਯੌਰਕ ਸਿਮਕੋਏ ਸੀਟ, ਜੋ ਕੰਜ਼ਰਵੇਟਿਵ ਐਮਪੀ ਪੀਟਰ ਵੈਨ ਲੋਨ, ਜੋ ਕਿ ਸਾਬਕਾ ਹਾਰਪਰ ਸਰਕਾਰ ਸਮੇਂ ਹਾਊਸ ਲੀਡਰ ਵੀ ਰਹਿ ਚੁੱਕੇ ਹਨ, ਦੀ 30 ਸਤੰਬਰ ਨੂੰ ਹੋਈ ਰਿਟਾਇਰਮੈਂਟ ਤੋਂ ਬਾਅਦ ਖਾਲੀ ਹੋਈ ਸੀ, ਵੀ ਸ਼ਾਮਲ ਹੈ।
ਬ੍ਰਿਟਿਸ਼ ਕੋਲੰਬੀਆ ਦੇ ਬਰਨਾਬੀ ਸਾਊਥ ਹਲਕੇ ਨੂੰ ਵੀ ਇੱਕ ਅਦਦ ਐਮਪੀ ਚਾਹੀਦਾ ਹੈ। ਇਹ ਸੀਟ ਐਨਡੀਪੀ ਦੇ ਕੈਨੇਡੀ ਸਟੀਵਾਰਟ ਦੇ ਵੈਨਕੂਵਰ ਦਾ ਮੇਅਰ ਬਣਨ ਲਈ ਸਫਲਤਾਪੂਰਬਕ ਚੋਣਾਂ ਵਿੱਚ ਹਿੱਸਾ ਲਏ ਜਾਣ ਤੋਂ ਬਾਅਦ ਖਾਲੀ ਹੋਈ। ਬੀਸੀ ਦੀ ਇਸ ਸੀਟ ਉੱਤੇ ਸਾਰੀਆਂ ਸਿਆਸੀ ਪਾਰਟੀਆਂ ਦੀ ਨਜ਼ਰ ਹੈ। ਐਨਡੀਪੀ ਦੇ ਮੌਜੂਦਾ ਆਗੂ ਜਗਮੀਤ ਸਿੰਘ ਨੇ ਵੀ ਇਸ ਹਲਕੇ ਤੋਂ ਚੋਣ ਲੜਨ ਦਾ ਆਪਣਾ ਇਰਾਦਾ ਸਪਸ਼ਟ ਕੀਤਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਓਨਟਾਰੀਓ ਤੋਂ ਇਸ ਸਾਬਕਾ ਐਮਪੀਪੀ ਕੋਲ ਗ੍ਰੀਨ ਚੇਂਬਰ ਵਿੱਚ ਅਜੇ ਕੋਈ ਸੀਟ ਨਹੀਂ ਹੈ।
ਇਨ੍ਹਾਂ ਤਿੰਨ ਹਲਕਿਆਂ ਲਈ ਜ਼ਿਮਨੀ ਚੋਣਾਂ ਅਗਲੇ ਸਾਲ ਦੇ ਸ਼ੁਰੂ ਤੱਕ ਟਾਲੀਆਂ ਜਾ ਸਕਦੀਆਂ ਹਨ। ਪਰ ਐਨਡੀਪੀ ਇਸ ਗੱਲ ਨੂੰ ਲੈ ਕੇ ਖਫਾ ਹੈ ਕਿ ਪ੍ਰਧਾਨ ਮੰਤਰੀ ਨੇ ਬੀਸੀ ਵਾਲੇ ਹਲਕੇ ਲਈ ਜ਼ਿਮਨੀ ਚੋਣ ਕਰਵਾਉਣ ਲਈ ਕਿਸੇ ਤਰੀਕ ਦਾ ਐਲਾਨ ਨਹੀਂ ਕੀਤਾ।

## ਕੋਹਲੀ ਨੂੰ ਸੰਗਾਕਾਰਾ ਦੀ ਬਰਾਬਰੀ ਲਈ ਸੈਂਕੜੇ ਦੀ ਲੋੜ

ਮੁੰਬਈ, 28 ਅਕਤੂਬਰ (ਪੋਸਟ ਬਿਊਰੋ): ਭਾਰਤ ਨੂੰ ਵੈਸਟ ਇੰਡੀਜ਼ ਖ਼ਿਲਾਫ਼ ਪੰਜ ਕੌਮਾਂਤਰੀ ਇੱਕ ਰੋਜ਼ਾ ਮੈਚਾਂ ਦੀ ਲੜੀ ਵਿੱਚ ਲੀਡ ਬਣਾਉਣ ਲਈ ਸੋਮਵਾਰ ਨੂੰ ਚੌਥਾ ਇੱਕ ਰੋਜ਼ਾ ਮੈਚ ਜਿੱਤਣਾ ਲਾਜ਼ਮੀ ਬਣ ਗਿਆ ਹੈ। ਭਾਰਤ ਇਹ ਲੀਡ ਤਾਂ ਹੀ ਪ੍ਰਾਪਤ ਕਰ ਸਕਦਾ ਹੈ, ਜੇਕਰ 'ਸੰਤੁਲਿਤ' ਟੀਮ ਹੋਵੇ। ਭਾਰਤੀ ਟੀਮ ਸ਼ਨਿੱਚਰਵਾਰ ਨੂੰ ਪੁਣੇ ਵਿੱਚ ਪੰਜ ਮਾਹਰ ਗੇਂਦਬਾਜ਼ਾਂ ਨਾਲ ਉਤਰੀ ਸੀ, ਪਰ ਉਸ ਨੂੰ ਹਾਰ ਦਾ ਸਾਹ-ਮਣਾ ਕਰਨਾ ਪਿਆ। ਮੌਜੂਦਾ ਦੌਰੇ 'ਤੇ ਇੱਥੇ ਆਈ ਵੈਸਟ ਇੰਡੀਜ਼ ਖ਼ਿਲਾਫ਼ ਭਾਰਤ ਦੀ ਇਹ ਪਹਿਲੀ ਹਾਰ ਹੈ। ਲੜੀ ਹੁਣ 1-1 ਨਾਲ ਬਰਾਬਰ ਚੱਲ ਰਹੀ ਹੈ, ਜਦੋਂਕਿ ਦੋ ਮੈਚ ਖੇਡਣੇ ਬਾਕੀ ਹਨ। ਇਸ ਲਈ ਭਾਰਤ ਦੀਆਂ ਨਜ਼ਰਾਂ ਸੰਤੁਲਿਤ ਪ੍ਰਦਰਸ਼ਨ ਕਰਨ 'ਤੇ ਹੋਣਗੀਆਂ। ਵਿਰਾਟ ਕੋਹਲੀ ਦੀ ਟੀਮ ਨੇ ਜੇਕਰ ਲੜੀ ਵਿੱਚ ਲੀਡ ਬਣਾਉਣੀ ਹੈ ਤਾਂ ਉਸ ਨੂੰ ਕੱਲ੍ਹ ਦਾ ਮੈਚ ਹਰ ਹਾਲ ਜਿੱਤਣਾ ਹੋਵੇਗਾ। ਜ਼ਬਰਦਸਤ ਫਾਰਮ ਵਿੱਚ ਚੱਲ ਰਹੇ ਭਾਰਤੀ ਕਪਤਾਨ ਵਿਰਾਟ ਕੋਲ ਚੌਥੇ ਇੱਕ ਰੋਜ਼ਾ ਵਿੱਚ ਸ੍ਰੀਲੰਕਾ ਦੇ ਕੁਮਾਰ ਸੰਗਾਕਾਰਾ ਦੇ ਲਗਾਤਾਰ ਚਾਰ ਸੈਂਕੜੇ ਮਾਰਨ ਦੇ ਵਿਸ਼ਵ ਰਿਕਾਰਡ ਦੀ ਬਰਾਬਰੀ ਕਰਨ ਦਾ ਮੌਕਾ ਹੋਵੇਗਾ। ਵਿਰਾਟ ਨੇ ਵਿੰਡੀਜ਼ ਖ਼ਿਲਾਫ਼ ਮੌਜੂਦਾ ਇੱਕ ਰੋਜ਼ਾ ਦੇ ਪਹਿਲੇ ਤਿੰਨ ਮੈਚਾਂ ਵਿੱਚ 140, ਨਾਬਾਦ 157 ਅਤੇ 107 ਦੌੜਾਂ ਬਣਾਈਆਂ ਹਨ। ਭਾਰਤ ਨੇ ਗੁਹਾਟੀ ਵਿੱਚ ਪਹਿਲਾ ਮੈਚ ਜਿੱਤਿਆ ਹੈ। ਵਿਸਾਖਾਪਟਨਮ ਵਿੱਚ ਦੂਜਾ ਟਾਈ ਰਿਹਾ ਅਤੇ ਪੁਣੇ ਵਿੱਚ ਤੀਜਾ ਮੈਚ ਹਾਰ ਗਿਆ। ਵਿਰਾਟ ਨੇ ਲਗਾਤਾਰ ਤਿੰਨ ਸੈਂਕੜੇ ਮਾਰ ਕੇ ਭਾਰਤੀ ਕ੍ਰਿਕਟ ਵਿੱਚ ਵੱਡੀ ਉਪਲਬਧੀ ਹਾਸਲ ਕਰ ਲਈ ਹੈ। ਉਹ ਇੱਕ ਰੋਜ਼ਾ ਵਿੱਚ ਲਗਾਤਾਰ ਤਿੰਨ ਸੈਂਕੜੇ ਮਾਰਨ ਵਾਲਾ ਪਹਿਲਾ ਭਾਰਤੀ ਬੱਲੇਬਾਜ਼ ਬਣ ਗਿਆ ਹੈ। ਭਾਰਤੀ ਕਪਤਾਨ ਸਾਹਮਣੇ ਹੁਣ ਸੰਗਾਕਾਰਾ ਦਾ 2015 ਦਾ ਵਿਸ਼ਵ ਰਿਕਾਰਡ ਹੈ। ਸੰਗਾਕਾਰਾ ਨੇ 2015 ਦੇ ਵਿਸ਼ਵ ਕੱਪ ਵਿੱਚ ਬੰਗਲਾਦੇਸ਼ ਖ਼ਿਲਾਫ਼ ਨਾਬਾਦ 105, ਇੰਗਲੈਂਡ ਖ਼ਿਲਾਫ਼ ਨਾਬਾਦ 117, ਆਸਟਰੇਲੀਆ ਖ਼ਿਲਾਫ਼ 104 ਅਤੇ ਸਕਾਟਲੈਂਡ ਖ਼ਿਲਾਫ਼ 124 ਦੌੜਾਂ ਬਣਾਈਆਂ ਸਨ। ਇੱਕ ਰੋਜ਼ਾ ਵਿੱਚ ਲਗਾਤਾਰ ਤਿੰਨ ਸੈਂਕੜੇ ਮਾਰਨ ਵਾਲੇ ਹੋਰ ਬੱਲੇਬਾਜ਼ਾਂ ਵਿੱਚ ਪਾਕਿਸਤਾਨ ਦੇ ਜ਼ਹੀਰ ਅੱਬਾਸ, ਸਈਦ ਅਨਵਰ ਅਤੇ ਬਾਬਰ ਆਜ਼ਮ, ਦੱਖਣੀ ਅਫਰੀਕਾ ਦੇ ਹਰਸਲ ਗਿਬਸ, ਏਬੀ ਡਿਵਿਲੀਅਰਜ਼ ਅਤੇ ਕਵਿੰਟਨ ਡਿ ਕਾਕ, ਨਿਊਜ਼ੀਲੈਂਡ ਦੇ ਰਾਸ ਟੇਲਰ ਅਤੇ ਇੰਗਲੈਂਡ ਦੇ ਜੌਹਨੀ ਬੇਅਰਸਟਾਅ ਸ਼ਾਮਲ ਹਨ। ਵਿਰਾਟ ਦਾ ਤੀਜੇ ਇੱਕ ਰੋਜ਼ਾ ਵਿੱਚ ਸੈਂਕੜਾ ਉਸ ਦੇ ਇੱਕ ਰੋਜ਼ਾ ਕਰੀਅਰ ਦਾ 38ਵਾਂ, ਟੀਚੇ ਦਾ ਪਿੱਛਾ ਕਰਦਿਆਂ 23ਵਾਂ, ਲਗਾਤਾਰ ਤੀਜਾ ਅਤੇ ਕੁੱਲ 62ਵਾਂ ਕੌਮਾਂਤਰੀ ਸੈਂਕੜਾ ਸੀ। ਕੁੱਲ ਕੌਮਾਂਤਰੀ ਸੈਂਕੜੇ ਬਣਾਉਣ ਦੇ ਮਾਮਲੇ ਵਿੱਚ ਵਿਰਾਟ ਹੁਣ ਦੱਖਣੀ ਅਫਰੀਕਾ ਦੇ ਜੈਕਸ ਕੈਲਿਸ ਦੀ ਬਰਾਬਰੀ 'ਤੇ ਆ ਗਿਆ ਹੈ ਅਤੇ ਸਾਂਝੇ ਤੌਰ 'ਤੇ ਚੌਥੇ ਨੰਬਰ 'ਤੇ ਹੈ।

# ਸਾਰੇ ਯਹੂਦੀਆਂ ਨੂੰ ਮਾਰਨਾ ਚਾਹੁੰਦਾ ਸੀ ਸਿਨਾਗੌਗ ਕਤਲੇਆਮ ਨੂੰ ਅੰਜਾਮ ਦੇਣ ਵਾਲਾ ਹਮਲਾਵਰ : ਪੁਲਿਸ

...ਪੰਨਾ 1 ਦਾ ਬਾਕੀ

ਜਦੋਂ ਬੋਵਰਜ਼ ਅੰਦਰ ਦਾਖਲ ਹੋਇਆ ਤੇ ਉਸ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਦੱਸਿਆ ਕਿ ਵੇਖਦਿਆਂ ਵੇਖਦਿਆਂ ਸੱਤ ਵਿਅਕਤੀ ਮਾਰੇ ਗਏ।
ਇਸ ਘਟਨਾ ਵਿੱਚ ਮਾਰੇ ਗਏ 11 ਵਿਅਕਤੀਆਂ ਦੇ ਨਾਂ ਅਧਿਕਾਰੀਆਂ ਵੱਲੋਂ ਜਾਰੀ ਕਰ ਦਿੱਤੇ ਗਏ ਹਨ। ਮੇਅਰ ਬਿੱਲ ਪੈਡੂਟੋ ਨੇ ਇਸ ਨੂੰ ਪਿਟਸਬਰਗ ਦੇ ਇਤਿਹਾਸ ਦਾ ਕਾਲਾ ਦਿਨ ਦੱਸਿਆ ਹੈ। ਇੱਕ ਅਧਿਕਾਰੀ ਅਨੁਸਾਰ ਬੋਵਰਜ਼ ਨੇ ਇਸ ਹਮਲੇ ਲਈ ਏਆਰ-15 ਤੋਂ ਇਲਾਵਾ ਤਿੰਨ ਹੈਂਡਗੰਨਜ਼ ਦੀ ਵਰਤੋਂ ਕੀਤੀ। ਇਨ੍ਹਾਂ ਸਾਰੇ ਹਥਿਆਰਾਂ ਦੇ ਲਾਇਸੰਸ ਉਸ ਕੋਲ ਸਨ। ਐਤਵਾਰ ਰਾਤ ਨੂੰ ਪਿਟਸਬਰਗ ਵਿੱਚ ਅਮਰੀਕਾ ਦੇ ਅਟਾਰਨੀ ਸਕੌਟ ਬ੍ਰੈਡੀ ਨੇ ਆਖਿਆ ਕਿ ਫੈਡਰਲ ਪ੍ਰੌਸੀਕਿਊਟਰਜ਼ ਬੌਵਰਜ਼ ਨੂੰ ਮੌਤ ਦੀ ਸਜ਼ਾ ਦੇਣ ਦੀ ਸਿਫਾਰਿਸ਼ ਕਰਨਗੇ।

## ਪਾਕਿਸਤਾਨ ਨੇ ਟੀ20 ਸੀਰੀਜ਼ ਜਿੱਤੀ

ਦੁਬਈ, 28 ਅਕਤੂਬਰ (ਪੋਸਟ ਬਿਊਰੋ): ਪਾਕਿਸਤਾਨ ਤੇ ਆਸਟਰੇਲੀਆ ਵਿਚਾਲੇ 3 ਟੀ20 ਸੀਰੀਜ਼ ਦਾ ਆਖਰੀ ਮੈਚ ਐਤਵਾਰ ਨੂੰ ਦੁਬਈ 'ਚ ਖੇਡਿਆ ਗਿਆ। ਪਾਕਿ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਪਾਕਿਸਤਾਨ ਨੇ ਆਸਟਰੇਲੀਆ ਨੂੰ 151 ਦੌੜਾਂ ਦਾ ਟੀਚਾ ਦਿੱਤਾ ਸੀ। ਜਵਾਬ 'ਚ ਟੀਚੇ ਦਾ ਪਿੱਛਾ ਕਰਨ ਉਤਰੀ ਆਸਟਰੇਲੀਆ ਦੀ ਟੀਮ 19.1 ਓਵਰ 'ਚ 117 ਦੌੜਾਂ 'ਤੇ ਢੇਰ ਹੋ ਗਈ ਤੇ ਪਾਕਿਸਤਾਨ ਨੇ ਇਹ ਮੈਚ 33 ਦੌੜਾਂ ਨਾਲ ਜਿੱਤ ਲਿਆ। ਇਸ ਦੇ ਨਾਲ ਹੀ ਪਾਕਿਸਤਾਨ ਨੇ ਆਸਟਰੇਲੀਆ ਨੂੰ ਟੀ20 ਸੀਰੀਜ਼ 'ਚ ਕਲੀਨ ਸਵੀਪ ਕਰ ਦਿੱਤਾ। ਪਾਕਿ ਨੇ ਟੀ20 ਸੀਰੀਜ਼ 3-0 ਨਾਲ ਜਿੱਤ ਲਈ।
ਜ਼ਿਕਰਯੋਗ ਹੈ ਕਿ ਪਾਕਿਸਤਾਨ ਨੇ ਆਸਟਰੇਲੀਆ ਨੂੰ ਪਹਿਲੇ ਮੈਚ 'ਚ 66 ਦੌੜਾਂ ਤੇ ਦੂਜੇ ਮੈਚ 'ਚ 11 ਦੌੜਾਂ ਨਾਲ ਹਰਾ ਦਿੱਤਾ ਸੀ। ਪਾਕਿਸਤਾਨ ਟੀਮ ਵਲੋਂ ਸ਼ਾਨਦਾਰ ਬੱਲੇਬਾਜ਼ੀ ਕਰਦੇ ਹੋਏ ਬਾਬਰ ਆਜ਼ਮ ਨੇ 50 ਦੌੜਾਂ ਦਾ ਯੋਗਦਾਨ ਦਿੱਤਾ ਸੀ ਜਿਸ 'ਚ 5 ਚੌਕੇ ਤੇ 1 ਛੱਕਾ ਸ਼ਾਮਲ ਹਨ।

## ਜ਼ਰੂਰੀ ਨਹੀਂ ਹੈ ਗੇਂਦਬਾਜ਼ ਹਮੇਸ਼ਾ ਚੰਗਾ ਪ੍ਰਦਰਸ਼ਨ ਕਰੇ

ਪੁਣੇ, 28 ਅਕਤੂਬਰ (ਪੋਸਟ ਬਿਊਰੋ): ਭਾਰਤ ਦੇ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੇ ਕਿਹਾ ਕਿ ਵਿੰਡੀਜ਼ ਦੇ ਹੇਠਲੇ ਕ੍ਰਮ ਦੇ ਬੱਲੇਬਾਜ਼ਾਂ ਨੇ ਤੀਜੇ ਵਨ ਡੇ ਮੈਚ ਦੇ ਨਤੀਜੇ 'ਚ ਫਰਕ ਪੈਦਾ ਕੀਤਾ ਹੈ। ਵਿੰਡੀਜ਼ ਟੀਮ ਨੇ ਇਕ ਸਮੇਂ 227 ਦੌੜਾਂ 'ਤੇ 8 ਵਿਕਟ ਗੁਆ ਦਿੱਤੇ ਸੀ ਪਰ ਐਸ਼ਲੇ ਨਰਸ (40) ਅਤੇ ਕੇਮਾਰ ਰੋਚ (15) ਵਿਚਾਲੇ 56 ਦੌੜਾਂ ਦੀ ਸਾਂਝੇਦਾਰੀ ਦੀ ਬਦੌਲਤ 9 ਵਿਕਟ 'ਤੇ 283 ਦੌੜਾਂ ਬਣਾਉਣ 'ਚ ਸਫਲ ਰਹੀ। ਬੁਮਰਾਹ ਨੇ ਮੈਚ ਤੋਂ ਬਾਅਦ ਪ੍ਰੈਸ ਕਾਨਫ੍ਰੈਂਸ ਵਿਚ ਕਿਹਾ, "ਮੈਨੂੰ ਲਗਦਾ ਹੈ ਕਿ ਇਕ ਇਕਾਈ ਦੇ ਰੂਪ 'ਚ ਅਸੀਂ ਚੰਗੀ ਗੇਂਦਬਾਜ਼ੀ ਕੀਤੀ, 35 ਓਵਰ ਤੱਕ ਅਸੀਂ ਕਾਫੀ ਚੰਗੇ ਹਾਲਾਤ 'ਚ ਸੀ। ਹਾਂ ਆਖਰ 'ਚ ਅਸੀਂ ਕੁਝ ਸਕੋਰ ਦਿੱਤੇ,



ਸ਼ਾਇਦ ਇਹ ਹੀ ਹਾਰ ਦਾ ਕਾਰਨ ਹੋ ਸਕਦਾ ਹੈ। ਕੁਲ ਮਿਲਾ ਕੇ ਗੇਂਦਬਾਜ਼ੀ ਪ੍ਰਦਰਸ਼ਨ ਬੁਰਾ ਨਹੀਂ ਸੀ। ਉਹ ਚੰਗਾ ਖੇਡੇ ਅਤੇ ਇਸਦਾ ਸਿਹਰਾ ਬੱਲੇਬਾਜ਼ਾਂ ਨੂੰ ਹੀ ਜਾਂਦਾ ਹੈ। ਇਹ ਦੋਵਾਂ ਦਾ ਜੋੜ ਹੈ।" ਭਾਰਤ ਨੂੰ 43 ਦੌੜਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਜਿਸ ਨਾਲ ਵਿੰਡੀਜ਼ ਨੇ 5 ਮੈਚਾਂ ਦੀ ਸੀਰੀਜ਼ 1-1 ਨਾਲ ਬਰਾਬਰ ਕਰ ਲਈ ਹੈ। ਵਿੰਡੀਜ਼ ਦੀਆਂ ਇਸ ਸੀਰੀਜ਼ ਵਿਚ ਉਮੀਦਾਂ ਅਜੇ ਕਾਇਮ ਹਨ। ਬੁਮਰਾਹ ਨੇ ਕਿਹਾ, "ਜੇਕਰ ਤੁਸੀਂ ਕਹਿੰਦੇ ਹੋ ਕਿ ਉਨ੍ਹਾਂ ਦੇ ਗੇਂਦਬਾਜ਼ਾਂ ਨੇ 90 ਦੌੜਾਂ ਬਣਾਈਆਂ ਤਾਂ ਜੇਸਨ ਹੋਲਡਰ ਆਲਰਾਊਂਡਰ ਹਨ। ਉਸ ਨੇ ਹੇਠਲੇ ਕ੍ਰਮ 'ਤੇ ਚੰਗੀ ਬੱਲੇਬਾਜ਼ੀ ਕੀਤੀ। ਬੁਮਰਾਹ ਨੇ ਆਪਣੇ ਸਾਥੀ ਤੇਜ਼ ਗੇਂਦਬਾਜ਼ ਭੁਵਨੇਸ਼ਵਰ ਕੁਮਾਰ ਦਾ ਬਚਾਅ ਕੀਤਾ ਜਿਸ ਨੇ 10 ਓਵਰ ਵਿਚ 70 ਦੌੜਾਂ ਦਿੱਤੀਆਂ।" ਉਸ ਨੇ ਕਿਹਾ ਕਿ ਭੁਵੀ ਨੇ ਚੰਗੀ ਸ਼ੁਰੂਆਤ ਕੀਤੀ ਪਰ ਵਿਚਕਾਰ ਦੇ ਓਵਰਾਂ 'ਚ ਉਸ ਖਿਲਾਫ ਕਾਫੀ ਸਕੋਰ ਬਣੇ ਅਤੇ ਕਦੇ-ਕਦੇ ਅਜਿਹਾ ਹੁੰਦਾ ਹੈ। ਜਦੋਂ ਤੁਸੀਂ ਡੈਥ ਓਵਰਾਂ ਵਿਚ ਗੇਂਦਬਾਜ਼ੀ ਕਰਦੇ ਹੋ ਤਾਂ ਇਹ ਕਾਫੀ ਮੁਸ਼ਕਲ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਸਾਰੇ ਗੇਂਦਬਾਜ਼ ਚੰਗਾ ਪ੍ਰਦਰਸ਼ਨ ਕਰਨ।

## ਪੰਜਾਬ ਸਰਕਾਰ ਵੱਲੋਂ ਰੇਲ ਹਾਦਸੇ ਦੇ ਜ਼ਖ਼ਮੀਆਂ ਨੂੰ ਸਹਾਇਤਾ ਰਾਸ਼ੀ ਦੇ ਚੈਕ ਭੇਂਟ

### ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ, ਸਿੱਧੂ, ਧਰਮਸੋਤ ਅਤੇ ਸਰਕਾਰੀਆ ਨੇ ਜ਼ਖ਼ਮੀਆਂ ਦਾ ਹਾਲ-ਚਾਲ ਪੁੱਛਿਆ



ਚੰਡੀਗੜ੍ਹ/ਅੰਮ੍ਰਿਤਸਰ, 28 ਅਕਤੂਬਰ (ਪੋਸਟ ਬਿਊਰੋ): ਪੰਜਾਬ ਦੇ ਕੈਬਨਿਟ ਮੰਤਰੀਆਂ ਬ੍ਰਹਮ ਮਹਿੰਦਰਾ, ਨਵਜੋਤ ਸਿੰਘ ਸਿੱਧੂ, ਸਾਧੂ ਸਿੰਘ ਧਰਮਸੋਤ ਅਤੇ ਸੁਖਬਿੰਦਰ ਸਿੰਘ ਸਰਕਾਰੀਆ ਨੇ ਅੱਜ ਅੰਮ੍ਰਿਤਸਰ ਦੇ ਪੰਜ ਹਸਪਤਾਲਾਂ ਵਿੱਚ ਜਾ ਕੇ ਰੇਲ ਹਾਦਸੇ ਦੇ ਜ਼ਖ਼ਮੀਆਂ ਦਾ ਹਾਲ-ਚਾਲ ਪੁੱਛਿਆ ਅਤੇ ਉਨ੍ਹਾਂ ਨੂੰ ਸਰਕਾਰ ਵੱਲੋਂ 50-50 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈਕ ਦਿੱਤੇ। ਜ਼ਿਕਰਯੋਗ ਹੈ ਕਿ ਦੁਸਹਿਰੇ ਦੀ ਸ਼ਾਮ ਅੰਮ੍ਰਿਤਸਰ ਵਿਖੇ ਵਾਪਰੇ ਰੇਲ ਹਾਦਸੇ ਵਿੱਚ 58 ਵਿਅਕਤੀਆਂ ਦੀ ਮੌਤ ਹੋ ਗਈ ਅਤੇ 38 ਜ਼ਖਮੀ ਹੋ ਗਏ ਸਨ, ਜਿਨ੍ਹਾਂ ਦਾ ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਚੱਲ ਰਿਹਾ ਹੈ। ਇਸ ਮੌਕੇ ਸਿਵਲ ਹਸਪਤਾਲ ਅੰਮ੍ਰਿਤਸਰ ਅਤੇ ਗੁਰੂ ਨਾਨਕ ਹਸਪਤਾਲ ਵੱਲੋਂ ਦਾਖਲ ਮਰੀਜ਼ਾਂ ਦੀ ਕੀਤੀ ਗਈ ਸਾਂਭ-ਸੰਭਾਲ ਅਤੇ ਇਲਾਜ ਤੋਂ ਸੰਤੁਸ਼ਟ ਹੋ ਕੇ ਸਿਹਤ ਮੰਤਰੀ ਨੇ ਮਰੀਜ਼ਾਂ ਦੇ ਕੰਮ ਆਉਣ ਵਾਲੀ ਮਸ਼ੀਨਰੀ ਖਰੀਦਣ ਵਾਸਤੇ ਆਪਣੇ ਅਖਤਿਆਰੀ ਫੰਡ ਵਿੱਚੋਂ ਦੋਵਾਂ ਹਸਪਤਾਲਾਂ ਨੂੰ 10-10 ਲੱਖ ਰੁਪਏ ਦੇਣ ਦਾ ਐਲਾਨ ਕਰਦੇ ਹੋਏ ਕਿਹਾ ਕਿ ਕੋਈ ਵੀ ਮਰੀਜ਼ ਇਲਾਜ ਤੋਂ ਵਿਰਵਾ ਨਹੀਂ ਰਹਿਣਾ ਚਾਹੀਦਾ ਅਤੇ ਹਰੇਕ ਮਰੀਜ਼ ਨੂੰ ਪੂਰੀ ਤਰ੍ਹਾਂ ਤੰਦਰੁਸਤ ਹੋਣ ਤੋਂ ਬਾਅਦ ਹੀ ਹਸਪਤਾਲ ਵਿੱਚੋਂ ਛੁੱਟੀ ਦਿੱਤੀ ਜਾਵੇ। ਉਨ੍ਹਾਂ ਉਕਤ ਹਸਪਤਾਲਾਂ ਦੇ ਡਾਕਟਰਾਂ ਤੇ ਪੈਰਾ ਮੈਡੀਕਲ ਸਟਾਫ ਵੱਲੋਂ ਸੰਕਟ ਦੇ ਇਸ ਸਮੇਂ ਵਿੱਚ ਦਿੱਤੀਆਂ ਸੇਵਾਵਾਂ ਉਤੇ ਤਸੱਲੀ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਜਿੱਥੇ ਪੀੜਤ ਪਰਿਵਾਰਾਂ ਦੇ ਮੁੜ ਵਸੇਬੇ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਉਥੇ ਜ਼ਖਮੀਆਂ ਦੇ ਇਲਾਜ ਵਿੱਚ ਕਿਸੇ ਤਰ੍ਹਾਂ ਦੀ ਕਮੀ ਨਾ ਰਹਿਣ ਦੇਣ ਲਈ ਵੀ ਆਖਿਆ ਗਿਆ ਹੈ। ਮਹਿੰਦਰਾ ਨੇ ਕਿਹਾ ਕਿ ਜ਼ਖਮੀਆਂ ਦਾ ਇਲਾਜ ਮੈਡੀਕਲ ਜ਼ਰੂਰਤ ਪੂਰੀ ਹੋਣ ਤੱਕ ਜਾਰੀ ਰਹਿਣਾ ਚਾਹੀਦਾ ਹੈ, ਚਾਹੇ ਉਸ ਲਈ ਕਿੰਨਾ ਵੀ ਸਮਾਂ ਜਾਂ ਪੈਸਾ ਕਿਉਂ ਨਾ ਲੱਗੇ। ਉਨ੍ਹਾਂ ਡਾਕਟਰਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਮਰੀਜ਼ਾਂ ਦਾ ਧਿਆਨ ਰੱਖਣ ਤੇ ਹਰ ਲੋੜ ਪੂਰੀ ਕਰਨ। ਉਨ੍ਹਾਂ ਅੰਮ੍ਰਿਤਸਰ ਕਾਰਪੋਰੇਸ਼ਨ ਵੱਲੋਂ ਪੀੜਤ ਪਰਿਵਾਰਾਂ ਦੇ ਮੈਂਬਰਾਂ ਨੂੰ ਨੌਕਰੀ ਦੇਣ ਦੇ ਕੀਤੇ ਐਲਾਨ 'ਤੇ ਸੰਤਸ਼ੁਟੀ ਜ਼ਾਹਿਰ ਕਰਦੇ ਕਿਹਾ ਕਿ ਇਹ ਇਨ੍ਹਾਂ ਦਾ ਜੀਵਨ ਨਿਰਬਾਹ ਕਰਨ ਵਿੱਚ ਸਹਾਈ ਹੋਵੇਗਾ। ਸਰਕਾਰੀਆ ਨੇ ਇਸ ਮੌਕੇ ਪੰਜਾਬ ਸਰਕਾਰ ਵੱਲੋਂ ਰੇਲ ਹਾਦਸੇ ਦੇ ਪੀੜਤਾਂ ਦੀ ਸਾਰ ਲੈਣ ਲਈ ਕੀਤੇ ਵਿਸ਼ੇਸ਼ ਯਤਨਾਂ ਉਤੇ ਸੰਤੁਸ਼ਟੀ ਜ਼ਾਹਰ ਕੀਤੀ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਨਾ ਕੇਵਲ ਹਸਪਤਾਲਾਂ ਵਿੱਚ ਜਾ ਕੇ ਮਰੀਜ਼ਾਂ ਦਾ ਹਾਲ ਪੁੱਛਿਆ, ਸਗੋਂ ਮ੍ਰਿਤਕ ਅਤੇ ਜ਼ਖ਼ਮੀ ਵਿਅਕਤੀਆਂ ਨੂੰ ਮਾਲੀ ਮਦਦ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਇਹ ਪੀੜਤ ਪਰਿਵਾਰ, ਉਨ੍ਹਾਂ ਦੇ ਆਪਣੇ ਪਰਿਵਾਰ ਦਾ ਹਿੱਸਾ ਹਨ ਅਤੇ ਮੈਂ ਇਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਤੇ ਬਜ਼ੁਰਗਾਂ ਦੀ ਸਾਂਭ-ਸੰਭਾਲ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਵਿੰਦਰ ਸਿੰਘ, ਸੀਨੀਅਰ ਡਿਪਟੀ ਮੇਅਰ ਰਮਨ ਬਖਸ਼ੀ, ਸਿਵਲ ਸਰਜਨ ਡਾ. ਹਰਦੀਪ ਸਿੰਘ ਘਈ, ਐਸ.ਡੀ.ਐਮ. ਰਾਜੇਸ਼ ਸ਼ਰਮਾ, ਸਹਾਇਕ ਕਮਿਸ਼ਨਰ ਸ਼ਿਵਰਾਜ ਸਿੰਘ ਬੱਲ ਅਤੇ ਹੋਰ ਅਧਿਕਾਰੀ ਹਾਜ਼ਰ ਸਨ।












# ਭਾਰਤੀ ਕਦਰਾਂ-ਕੀਮਤਾਂ ਉੱਤੇ ਆਧਾਰਤ ਸਿਖਿਆ ਜ਼ਰੂਰੀ

-ਪ੍ਰਿੰ. ਮੋਹਨ ਲਾਲ ਸ਼ਰਮਾ

ਅਸੀਂ ਜਦੋਂ ਵੀ ਸਿਖਿਆ ਦੀ ਗੱਲ ਕਰਦੇ ਹਾਂ ਤਾਂ ਆਮ ਤੌਰ 'ਤੇ ਇਹ ਸਮਝਿਆ ਜਾਂਦਾ ਹੈ ਕਿ ਇਸ ਨਾਲ ਸਾਨੂੰ ਅਸਲੀ ਗਿਆਨ ਪ੍ਰਾਪਤ ਹੁੰਦਾ ਹੈ, ਜਿਸ ਦੇ ਦਮ ਉੱਤੇ ਅਸੀਂ ਕੋਈ ਨੌਕਰੀ ਵਗੈਰਾ ਹਾਸਲ ਕਰ ਸਕਦੇ ਹਾਂ। ਸਮਾਜ ਲਈ ਇਸ ਗਿਆਨ ਦੀ ਵੀ ਮਹੱਤਤਾ ਹੈ, ਕਿਉਂਕਿ ਪੜ੍ਹਿਆ ਲਿਖਿਆ ਰਾਸ਼ਟਰ ਹੀ ਆਪਣੇ ਭਵਿੱਖ ਨੂੰ ਸੰਵਾਰ ਸਕਦਾ ਹੈ।

ਵਿਗਿਆਨ ਤੇ ਤਕਨੀਕ ਦੀ ਮਹੱਤਤਾ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ, ਕਿਉਂਕਿ ਇਨ੍ਹਾਂ ਦੀ ਵਰਤੋਂ ਕਰ ਕੇ ਹੀ ਖੇਤੀਬਾੜੀ ਅਤੇ ਪਸ਼ੂ ਪਾਲਣ ਖੇਤਰ 'ਚ ਹਰੀ ਤੇ ਚਿੱਟੀ ਕ੍ਰਾਂਤੀ ਲਿਆਂਦਾ ਜਾ ਸਕਦੀ ਹੈ। ਇਸ ਲਈ ਸਿਖਿਆ ਦੀ ਸਾਡੇ ਜੀਵਨ ਵਿੱਚ ਬਹੁਤ ਮਹੱਤਤਾ ਹੈ।

ਸਾਡੀਆਂ ਨੈਤਿਕ ਕਦਰਾਂ ਕੀਮਤਾਂ ਬਦਲ ਰਹੀਆਂ ਹਨ। ਸ਼ਹਿਰੀਕਰਨ, ਆਧੁਨਿਕ ਸਭਿਅਤਾ, ਵਿਗਿਆਨਕ ਪੱਖ ਆਦਿ ਕਾਰਨ ਨਵੀਂ ਪੀੜ੍ਹੀ ਦੇ ਲੋਕ ਪੁਰਾਤਨ ਪੰਥੀ ਵਿਚਾਰਧਾਰਾਵਾਂ ਨਾਲ ਜੁੜੇ ਨਹੀਂ ਰਹਿਣਾ ਚਾਹੁੰਦੇ, ਇਸ ਲਈ ਸਿਖਿਆ ਵਿੱਚ ਅਜਿਹੀਆਂ ਅਸਫਲ ਨੈਤਿਕ ਕਦਰਾਂ ਕੀਮਤਾਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਜੋ ਬਦਲਦੇ ਸਮੇਂ ਮੁਤਾਬਕ ਨਹੀਂ ਬਦਲੀਆਂ। ਇਸ ਵਿੱਚ ਧਾਰਮਿਕ ਕੱਟੜਤਾ, ਕਿਸੇ ਇੱਕ ਧਰਮ ਪ੍ਰਤੀ ਲਗਾਅ ਵਰਗੀ ਭਾਵਨਾ ਨਹੀਂ ਹੋਣੀ ਚਾਹੀਦੀ, ਕਿਉਂਕਿ ਇਸ ਨਾਲ ਸਿਖਿਆ ਬੋਝਲ ਬਣ ਜਾਂਦੀ ਹੈ। ਸਦਾਚਾਰ ਵਰਗੀਆਂ ਗੱਲਾਂ, ਜੋ ਸਾਰੇ ਧਰਮਾਂ ਤੇ ਫਿਰਕਿਆਂ ਨੂੰ ਮਨਜ਼ੂਰ ਹਨ, ਸ਼ਾਮਲ ਕਰ ਕੇ ਅਸੀਂ ਪ੍ਰਗਤੀਸ਼ੀਲ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।

ਸਵਾਲ ਹੈ ਕਿ ਸਾਡੀ ਸਿਖਿਆ ਦਾ ਪੱਧਰ ਜਾਂ ਮਿਆਰ ਕਿੰਦਾਂ ਦਾ ਹੋਣਾ ਚਹੀਦਾ ਹੈ? ਅੱਜਕੱਲ੍ਹ ਚਾਰੇ ਪਾਸੇ ਸਿਖਿਆ ਦਾ ਬਾਜ਼ਾਰੀਕਰਨ ਹੋ ਗਿਆ ਹੈ। ਵੱਕਾਰੀ ਲੋਕਾਂ ਦੇ ਭ੍ਰਿਸ਼ਟਾਚਾਰ ਦੀਆਂ ਕਹਾਣੀਆਂ, ਖਬਰਾਂ ਆਏ ਦਿਨ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ ਅਤੇ ਮਨ ਵਿੱਚ ਸਵਾਲ ਉਠਦਾ ਹੈ ਕਿ ਸ਼ਾਇਦ ਇਨ੍ਹਾਂ ਲੋਕਾਂ ਨੂੰ ਮਨੁੱਖੀ ਕਦਰਾਂ ਕੀਮਤਾਂ ਦੀ ਗੁਣਵੱਤਾ ਵਾਲੀ ਸਿਖਿਆ ਨਹੀਂ ਮਿਲੀ ਹੋਣੀ। ਸਰਕਾਰ ਦਾ ਇਸ ਸਿਖਿਆ ਵੱਲ ਕਦੇ ਧਿਆਨ ਨਹੀਂ ਗਿਆ। ਪਿਛਲੇ ਕੁਝ ਦਹਾਕਿਆਂ ਤੋਂ ਸਿਖਿਆ ਦੇ ਖੇਤਰ ਵਿੱਚ ਕਾਫੀ ਗਿਰਾਵਟ ਆਈ ਹੈ, ਜਿਸ ਦਾ ਨਤੀਜਾ ਅੱਜ ਸਾਡੇ ਸਾਹਮਣੇ ਹੈ।

ਮਨੁੱਖਤਾ ਦੀ ਪਛਾਣ ਨੈਤਿਕ ਕਦਰਾਂ ਕੀਮਤਾਂ ਨਾਲ ਹੀ ਹੁੰਦੀ ਹੈ। ਆਦਮੀ ਨੂੰ ਇਹ ਸਿਖਿਆ ਉਸ ਦੇ ਘਰ ਤੋਂ ਹੀ ਮਿਲਣੀ ਸ਼ੁਰੂ ਹੁੰਦੀ ਹੈ, ਜਿਸ ਨੂੰ ਅਸੀਂ 'ਸੰਸਕਾਰ' ਕਹਿੰਦੇ ਹਾਂ। ਸਿਖਿਆ ਮਨੁੱਖ ਦੇ ਸਮੁੱਚੇ ਵਿਕਾਸ ਲਈ ਉਸ ਦੇ ਵੱਖ-ਵੱਖ ਪਹਿਲੂਆਂ ਨੂੰ ਸਿਖਿਅਤ ਕਰਨ ਦੀ ਪ੍ਰਕਿਰਿਆ ਹੈ। ਇਸ ਨਾਲ ਮਨੁੱਖ ਰਚਨਾਤਮਕ ਕੰਮ ਕਰਨ, ਦੂਜਿਆਂ ਦੀ ਮਦਦ ਕਰਨ, ਰਾਸ਼ਟਰੀ ਕੰਮਾਂ ਵਿੱਚ ਸਹਿਯੋਗ ਦੇਣ ਦੀ ਭਾਵਨਾ ਦਾ ਵਿਕਾਸ ਕਰਦਾ ਹੈ, ਪਰ ਅੱਜਕੱਲ੍ਹ ਦੇ ਬੱਚਿਆਂ ਵਿੱਚ ਸੰਜਮ, ਵਫਾਦਾਰੀ, ਸਵੈਮਾਣ ਵਰਗੇ ਗੁਣ ਦਿਖਾਈ ਨਹੀਂ ਦਿੰਦੇ। ਅੱਜ ਦੇਸ਼ 'ਚ ਸਾਖਰਤਾ ਦੀ ਦਰ ਜ਼ਰੂਰ ਵਧੀ ਹੈ, ਪਰ ਕਦਰਾਂ-ਕੀਮਤਾਂ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ। ਸਕੂਲਾਂ 'ਚ ਵਿਦਿਆਰਥੀਆਂ ਦਾ ਵਿਹਾਰ ਰੋਬਟ ਵਾਂਗ ਹੋ ਗਿਆ ਹੈ। ਬੱਚੇ ਕਿਤੇ ਨਾ ਕਿਤੇ ਰੱਟਾ ਲਾਉਣ ਦੀ ਆਦਤ ਦਾ ਸ਼ਿਕਾਰ ਹੋ ਰਹੇ ਹਨ। ਅੱਜ ਦੀ ਸਿਖਿਆ ਪ੍ਰਣਾਲੀ ਨਾਲ ਬੱਚਾ ਡਾਕਟਰ, ਇੰਜੀਨੀਅਰ ਜਾਂ ਕੋਈ ਵੱਡਾ ਅਫਸਰ ਬਣ ਜਾਂਦਾ ਹੈ, ਪਰ ਉਸ 'ਚ ਕਦਰਾਂ-ਕੀਮਤਾਂ ਦੇ ਗੁਣ ਦਿਖਾਈ ਨਹੀਂ ਦਿੰਦੇ। ਉਹ ਧਨ-ਦੌਲਤ ਨੂੰ ਹੀ ਮਹੱਤਤਾ ਦਿੰਦਾ ਹੈ ਅਤੇ ਉਸ ਦਾ ਇੱਕੋ-ਇੱਕ ਉਦੇਸ਼ ਧਨ ਕਮਾਉਣਾ ਹੀ ਰਹਿ ਜਾਂਦਾ ਹੈ, ਚਾਹੇ ਉਹ ਕਿਸੇ ਵੀ ਤਰੀਕੇ ਕਮਾਇਆ ਜਾਵੇ।



ਅੱਜ ਦੇ ਬੱਚਿਆਂ ਦੀ ਸੋਚ ਨਾਂਹ-ਪੱਖੀ ਸ਼ੈਲੀ ਵਾਲੀ ਬਣ ਚੁੱਕੀ ਹੈ। ਇਸੇ ਨਾਲ ਬੱਚੇ ਤੇ ਨੌਜਵਾਨ ਵਰਗ ਮਾਨਸਿਕ ਤਣਾਅ ਦਾ ਸ਼ਿਕਾਰ ਹੁੰਦੇ ਜਾਂਦੇ ਹਨ। ਇਸ ਦੇ ਲਈ ਸ਼ਾਇਦ ਜਿੰਨਾ ਪ੍ਰਸ਼ਾਸਨ ਜ਼ਿੰਮੇਵਾਰ ਹੈ, ਓਨੇ ਹੀ ਮਾਪੇ ਤੇ ਅਧਿਆਪਕ ਵੀ ਜ਼ਿੰਮੇਵਾਰ ਹਨ। ਅੱਜ ਦੇ ਬੱਚੇ ਸਾਡੇ ਕੱਲ੍ਹ ਦਾ ਭਵਿੱਖ ਹਨ।

ਜੇ ਅੱਜ ਨੈਤਿਕ ਕਦਰਾਂ-ਕੀਮਤਾਂ ਵਿੱਚ ਗਿਰਾਵਟ ਆਈ ਹੈ ਤਾਂ ਉਹ ਇਸ ਲਈ ਕਿ ਮਾਪੇ ਅਤੇ ਅਧਿਆਪਕ ਬੱਚਿਆਂ ਸਾਹਮਣੇ ਆਦਰਸ਼ ਤਸਵੀਰ ਪੇਸ਼ ਨਹੀਂ ਕਰਦੇ। ਮਾਂ-ਪਿਓ ਦੇ ਝਗੜੇ, ਤਲਾਕ, ਖੁਦਕੁਸ਼ੀਆਂ ਵਰਗੇ ਕਈ ਹਿੰਸਕ ਦ੍ਰਿਸ਼ਾਂ ਨੂੰ ਘਰ ਵਿੱਚ ਦੇਖ ਕੇ ਬੱਚੇ ਦੇ ਮਨ 'ਤੇ ਬੁਰਾ ਅਸਰ ਪੈਂਦਾ ਹੈ ਤੇ ਇਸੇ ਕਾਰਨ ਉਹ ਕਦਰਾਂ-ਕੀਮਤਾਂ ਨੂੰ ਭੁੱਲ ਰਹੇ ਹਨ। ਇਸ ਲਈ ਕਿਤਾਬੀ ਸਿਖਿਆ ਦੇ ਨਾਲ ਨੈਤਿਕ ਕਦਰਾਂ ਕੀਮਤਾਂ ਦੀ ਸਿਖਿਆ ਵੀ ਜ਼ਰੂਰੀ ਹੈ। ਪਰਵਾਰ ਹੀ ਬੱਚਿਆਂ ਦਾ ਪਹਿਲਾ ਸਕੂਲ ਹੁੰਦਾ ਹੈ। ਜੇ ਪਰਵਾਰ ਵੱਲੋਂ ਬੱਚਿਆਂ ਨੂੰ ਚੰਗੇ ਸੰਸਕਾਰ ਦਿੱਤੇ ਜਾਣਗੇ ਤਾਂ ਬੱਚੇ ਅੱਗੇ ਜਾ ਕੇ ਦੇਸ਼ ਅਤੇ ਸਮਾਜ ਦੇ ਵਿਕਾਸ ਵਿੱਚ ਚੰਗਾ ਯੋਗਦਾਨ ਪਾ ਸਕਣਗੇ। ਨੈਤਿਕ ਕਦਰਾਂ ਕੀਮਤਾਂ ਦੀ ਘਾਟ ਕਾਰਨ ਅੱਜ ਪਰਵਾਰ ਟੁੱਟ ਰਹੇ ਹਨ, ਭ੍ਰਿਸ਼ਟਾਚਾਰ ਵਧ ਰਿਹਾ ਹੈ ਤੇ ਅਪਰਾਧਾਂ ਦਾ ਗਰਾਫ ਵਧਦਾ ਜਾਂਦਾ ਹੈ। ਇਸ ਲਈ ਬੱਚਿਆਂ ਅੰਦਰ ਚੰਗੇ ਸੰਸਕਾਰਾਂ ਦਾ ਹੋਣਾ ਜ਼ਰੂਰੀ ਹੈ। ਇਸ ਤੋਂ ਪਹਿਲਾਂ ਜ਼ਰੂਰੀ ਹੈ ਕਿ ਅਸੀਂ ਆਪਣੇ ਚਰਿੱਤਰ ਤੇ ਚੰਗੇ ਵਰਤਾਓ ਨਾਲ ਬੱਚਿਆਂ ਸਾਹਮਣੇ ਨੈਤਿਕ ਕਦਰਾਂ ਕੀਮਤਾਂ ਦੀ ਮਿਸਾਲ ਪੇਸ਼ ਕਰੀਏ।

ਪ੍ਰਾਚੀਨ ਸਮੇਂ ਵਿੱਚ ਸਾਡੇ ਦੇਸ਼ ਅੰਦਰ ਸਿਖਿਆ ਲਈ ਗੁਰੂਕੁਲ, ਮੱਠ, ਆਸ਼ਰਮ ਹੁੰਦੇ ਸਨ ਅਤੇ ਵਿਦਿਆਰਥੀ ਕਦਰਾਂ-ਕੀਮਤਾਂ ਦੀ ਸਿਖਿਆ ਹਾਸਲ ਕਰਦੇ ਸਨ। ਵੈਦਿਕ ਸਿਖਿਆ ਪ੍ਰਣਾਲੀ ਦਾ ਮੰਨਣਾ ਹੈ ਕਿ ਸਮੁੱਚਾ ਗਿਆਨ ਮਨੁੱਖ ਦੇ ਅੰਦਰ ਹੀ ਸਥਿਤ ਹੈ। ਸਵਾਮੀ ਵਿਵੇਕਾਨੰਦ ਵੀ ਕਹਿੰਦੇ ਹਨ ਕਿ ਮਨੁੱਖ ਦੀ ਅੰਦਰੂਨੀ ਪੂਰਨਤਾ ਨੂੰ ਪ੍ਰਗਟ ਕਰਨਾ ਹੀ ਸਿਖਿਆ ਹੈ। ਇਹ ਗਿਆਨ ਚਾਹੇ ਭੌਤਿਕ ਹੋਵੇ, ਨੈਤਿਕ ਹੋਵੇ ਜਾਂ ਅਧਿਆਤਮਕ ਹੋਵੇ, ਪਰ ਉਹ ਮਨੁੱਖ ਦੀ ਆਤਮਾ 'ਚ ਜ਼ਰੂਰ ਹੈ। ਲੋੜ ਹੈ ਉਸ ਗਿਆਨ ਨੂੰ ਬਾਹਰ ਕੱਢਣ ਦੀ ਤੇ ਇਸ ਦਾ ਸ੍ਰੇਸ਼ਠ ਸਾਧਨ ਹੈ ਸਿਖਿਆ।

ਅੱਜ ਵੀ ਅਜਿਹੇ ਬਹੁਤ ਸਾਰੇ ਆਦਰਸ਼ ਅਧਿਆਪਕ ਹਨ, ਜੋ ਮਿਹਨਤੀ, ਸਹਿਜ ਸੁਭਾਅ ਦੇ ਅਤੇ ਲਗਨ ਨਾਲ ਬੱਚਿਆਂ ਨੂੰ ਪੜ੍ਹਾਉਣ ਵਾਲੇ ਹਨ। ਉਹ ਆਪਣੇ ਵਿਦਿਆਰਥੀਆਂ ਨੂੰ ਬੁਨਿਆਦੀ ਮਨੁੱਖੀ ਕਦਰਾਂ-ਕੀਮਤਾਂ ਦੀ ਸਿਖਿਆ ਵੀ ਕਿਤਾਬੀ ਸਿਖਿਆ ਦੇ ਨਾਲ-ਨਾਲ ਦੇ ਰਹੇ ਹਨ। ਦੇਸ਼ ਵਿੱਚ ਸਿਖਿਆ ਦੇ ਖੇਤਰ ਵਿੱਚ ਸਿਆਸੀ ਇੱਛਾ ਦੀ ਘਾਟ ਹੈ।

ਦੇਸ਼ ਦਾ ਸਰਵਪੱਖੀ ਵਿਕਾਸ ਤਦੇ ਹੋਵੇਗਾ, ਜੇ ਸਰਕਾਰ ਸਿਖਿਆ ਨੂੰ ਮੁੱਢਲੇ ਏਜੰਡਾ ਬਣਾਵੇਗੀ। ਨਾਗਰਿਕ ਹੋਣ ਦੇ ਨਾਤੇ ਸਾਨੂੰ ਸਵੈ-ਨਿਰੀਖਣ ਕਰਨ ਦੀ ਲੋੜ ਹੈ। ਅਧਿਆਪਕਾਂ ਨੂੰ ਸਨਮਾਨ ਦੀ ਨਜ਼ਰ ਨਾਲ ਦੇਖਣਾ ਪਵੇਗਾ ਕਿਉਂਕਿ ਅਧਿਆਪਕ ਰਾਸ਼ਟਰ ਦੀ ਸੱਭਿਅਤਾ ਦੇ ਚਲਾਕ ਮਾਲੀ ਹੁੰਦੇ ਹਨ, ਜੋ ਸੰਸਕਾਰਾਂ ਦੀਆਂ ਜੜ੍ਹਾਂ 'ਚ ਖਾਦ ਦਿੰਦੇ ਹਨ ਅਤੇ ਆਪਣੀ ਮਿਹਨਤ ਨਾਲ ਉਨ੍ਹਾਂ ਨੂੰ ਸਿੰਜ ਕੇ ਉਨ੍ਹਾਂ ਨੂੰ ਮਹਾ-ਪ੍ਰਾਣ ਤਾਕਤਾਂ ਬਣਾਉਂਦੇ ਹਨ।

# ਜ਼ਿੰਦਗੀ ਖੂਬਸੂਰਤ ਹੈ

-ਰੋਹਿਤ ਸੋਨੀ

ਕਿਸੇ ਦੀ ਜ਼ਿੰਦਗੀ 'ਚ ਕੋਈ ਦੁੱਖ-ਤਕਲੀਫ ਜਾਂ ਮੁਸੀਬਤ ਨਾ ਆਵੇ, ਇਹ ਹੋ ਨਹੀਂ ਸਕਦਾ। ਅਸੀਂ ਇਨ੍ਹਾਂ ਦੁੱਖਾਂ ਨੂੰ ਕਿਸ ਨਜ਼ਰ ਨਾਲ ਦੇਖਦੇ ਹਾਂ ਜਾਂ ਕਿਸ ਤਰੀਕੇ ਨਾਲ ਹੱਲ ਕਰਦੇ ਹਾਂ, ਇਹ ਸਾਡੇ 'ਤੇ ਨਿਰਭਰ ਕਰਦਾ ਹੈ। ਜੇ ਇਨ੍ਹਾਂ ਦੁੱਖਾਂ ਨੂੰ ਦੁਖੀ ਹੋ ਕੇ ਹੱਲ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਇਹ ਹੋਰ ਵੀ ਦੂਣ-ਸਵਾਏ ਹੋ ਸਕਦੇ ਹਨ, ਪਰ ਜੇ ਥੋੜ੍ਹਾ ਸਬਰ ਤੇ ਸੰਤੋਖ ਰੱਖ ਕੇ ਖੁਸ਼ੀ-ਖੁਸ਼ੀ ਇਨ੍ਹਾਂ ਦਾ ਨਿਵਾਰਨ ਕਰਾਂਗੇ ਤਾਂ ਜਲਦੀ ਖਤਮ ਹੋ ਜਾਂਦੇ ਹਨ ਤੇ ਮਹਿਸੂਸ ਵੀ ਨਹੀਂ ਹੁੰਦੇ।

ਗੱਲ ਲਗਭਗ ਸੰਨ 2000 ਦੀ ਹੈ। ਓਦੋਂ ਮੇਰੀ ਉਮਰ 18 ਕੁ ਸਾਲ ਦੀ ਸੀ। ਸਾਲ ਕੁ ਪਹਿਲਾਂ ਮਾਂ ਦੇ ਮੁੱਕ ਜਾਣ ਕਾਰਨ ਸਾਰਾ ਟੱਬਰ ਖੇਰੂੰ-ਖੇਰੂੰ ਹੋ ਗਿਆ ਸੀ। ਅਸੀਂ ਤਿੰਨ ਭਰਾ ਸਾਂ ਤੇ ਤਿੰਨੋਂ ਹੀ ਕੁਆਰੇ। ਮਾਂ ਦੇ ਇਲਾਜ 'ਚ ਘਰ-ਬਾਰ ਵਿਕ ਗਿਆ ਤੇ ਜੀਵਨ ਸਾਥੀ ਦੇ ਟੁਰ ਜਾਣ ਕਾਰਨ ਪਿਤਾ ਜੀ ਅੰਦਰੋਂ-ਅੰਦਰੀ ਟੁੱਟ ਚੁੱਕੇ ਸਨ। ਕਿਸੇ ਵੀ ਸ਼ਰੀਕੇ ਵਾਲੇ ਨੇ ਸਾਡੀ ਬਾਂਹ ਨਾ ਫੜੀ ਤੇ ਅਸੀਂ ਤਿੰਨੋ ਭਰਾ ਆਪੋ-ਆਪਣੇ ਰੋਜ਼ਗਾਰ ਦੀ ਭਾਲ 'ਚ ਨਿਕਲ ਪਏ। ਪਿਤਾ ਜੀ ਮੁਕਤਸਰ ਹੀ ਰਹਿੰਦੇ ਸਨ। ਇੱਕ ਵਾਰ ਮੈਂ ਆਪਣੇ ਇੱਕ ਦੋਸਤ ਦੇ ਕਹਿਣ 'ਤੇ ਦਿੱਲੀ ਚਲਾ ਗਿਆ ਤੇ ਉਥੇ ਕੁਝ ਮਹੀਨੇ ਕੰਮ ਕਰਨ ਤੋਂ ਬਾਅਦ ਮੈਂ ਮੁਕਤਸਰ ਆਉਣ ਲਈ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਪਹੁੰਚਿਆ ਹੀ ਸੀ ਕਿ ਟਿਕਟ ਲੈਣ ਲੱਗਿਆਂ ਪਤਾ ਲੱਗਾ ਕਿ ਕਿਸੇ ਨੇ ਮੇਰੀ ਜੇਬ 'ਤੇ ਹੱਥ ਸਾਫ ਕਰ ਦਿੱਤਾ ਸੀ। ਬੜੀ ਮੁਸੀਬਤ ਸੀ।



ਨਾ ਵਾਪਸ ਜਾ ਸਕਦਾ ਸੀ ਤੇ ਨਾ ਅੱਗੇ ਜਾ ਸਕਦਾ ਸੀ। ਉਤੋਂ ਘਰ ਪਹੁੰਚਣ ਦੀ ਕਾਹਲ ਤੇ ਫਿਕਰ...। ਖੈਰ! ਲੈ ਕੇ ਰੱਬ ਦਾ ਨਾਂਅ, ਬਿਨਾਂ ਟਿਕਟੋਂ ਪੰਜਾਬ ਮੇਲ ਗੱਡੀ ਚੜ੍ਹ ਗਿਆ। ਸਾਰੇ ਰਾਹ ਡਰ ਲੱਗਾ ਰਿਹਾ ਕਿ ਟੀ ਟੀ ਬਾਬੂ ਆਇਆ ਕਿ ਆਇਆ, ਪਰ ਕੁਦਰਤੀ ਰਾਹ ਵਿੱਚ ਕੋਈ ਟੀ ਟੀ ਨਾ ਆਇਆ। ਦਿੱਲੀ ਤੋਂ ਮੁਕਤਸਰ ਦੀ ਸਿੱਧੀ ਟਰੇਨ ਨਾ ਹੋਣ ਕਾਰਨ ਸੋਚਿਆ ਕਿ ਕੋਟਕਪੂਰੇ ਉੱਤਰ ਕੇ ਸਟੇਸ਼ਨ ਤੋਂ ਬਾਹਰ ਨਿਕਲ ਕੇ ਕਿਸੇ ਟਰੈਕਟਰ-ਟਰਾਲੀ ਪਿੱਛੇ ਲਮਕ ਕੇ ਮੁਕਤਸਰ ਪਹੁੰਚ ਜਾਵਾਂਗਾ। ਇਸ ਲਈ ਕੋਟਕਪੂਰੇ ਉਤਰਨਾ ਸੀ। ਸਾਰੀ ਰਾਤ ਦੇ ਉਨੀਂਦਰੇ ਕਾਰਨ ਜੈਤੋ ਆ ਕੇ ਅੱਖ ਲੱਗ ਗਈ। ਜਾਗ ਉਦੋਂ ਆਈ ਜਦੋਂ ਕੋਟਕਪੂਰਾ ਪਿੱਛੇ ਰਹਿ ਗਿਆ ਤੇ ਫਰੀਦਕੋਟ ਪਹੁੰਚ ਗਿਆ। ਫਰੀਦਕੋਟ ਤੋਂ ਮੁਕਤਸਰ ਜਾਣਾ ਵੱਧ ਮੁਸ਼ਕਲ ਸੀ। ਇੰਨਾ ਹੀ ਪਤਾ ਲੱਗਾ ਕਿ ਫਿਰੋਜ਼ਪੁਰ ਤੋਂ ਵਾਇਆ ਫਰੀਦਕੋਟ ਹੋ ਕੇ ਦਿੱਲੀ ਜਾਣ ਵਾਲੀ ਜਨਤਾ ਐਕਸਪ੍ਰੈਸ ਫਰੀਦਕੋਟ ਸਟੇਸ਼ਨ 'ਤੇ ਆਉਣ ਵਾਲੀ ਹੈ। ਟਿਕਟ ਲੈਣ ਦਾ ਫਿਰ ਪੰਗਾ ਪੈ ਗਿਆ। ਫਿਰ ਸੋਚਿਆ ਕਿ ਦਿੱਲੀ ਤੋਂ ਬਿਨਾਂ ਟਿਕਟੋਂ ਆ ਗਿਆ ਹਾਂ ਤਾਂ ਏਥੇ ਕੀਹਨੇ ਪੁੱਛਣਾ ਹੈ? ਇੰਨੀ ਗੱਲ ਸੋਚ ਕੇ ਮਨ ਤਕੜਾ ਕੀਤਾ ਤੇ ਫਿਰੋਜ਼ਪੁਰੋਂ ਦਿੱਲੀ ਜਾਣ ਵਾਲੀ ਗੱਡੀ ਜਨਤਾ ਐਕਸਪ੍ਰੈਸ ਆਈ ਤਾਂ ਮਾਰ ਕੇ ਛਾਲ ਗੱਡੀ 'ਚ ਚੜ੍ਹ ਗਿਆ ਕਿ ਬਈ ਕੋਟਕਪੂਰੇ ਜਾ ਕੇ ਉਤਰਾਂਗਾ, ਪਰ ਮੁਸੀਬਤ ਜਿਵੇਂ ਫਿਰ ਮੇਰਾ ਇੰਤਜ਼ਾਰ ਕਰ ਰਹੀ ਸੀ।

ਕੋਟਕਪੂਰੇ ਉਤਰਿਆ ਤਾਂ ਉਤਰਦੇ ਸਾਰ ਟੀ ਟੀ ਨੇ ਘੇਰ ਲਿਆ। ਮੇਰੀ ਬਾਂਹ ਫੜ ਕੇ ਕਹਿੰਦਾ 'ਟਿਕਟ ਦਿਖਾਓ।'

ਮੈਂ ਕਿਹਾ, 'ਬਾਊ ਜੀ! ਟਿਕਟ ਤਾਂ ਹੈ ਨੀ।' ਟੀ ਟੀ ਨੇ ਪੁੱਛਿਆ, 'ਕਿੱਥੋਂ ਆਇਆਂ।' ਮੈਂ ਕਿਹਾ, 'ਜੀ ਦਿੱਲੀਓਂ।' ਟੀ ਟੀ ਗੁੱਸੇ ਨਾਲ ਬੋਲਿਆ, 'ਬੇਵਕੂਫ ਬਣਾਉਂਦਾ ਏਂ। ਗੱਡੀ ਫਿਰੋਜ਼ਪੁਰੋਂ ਆਈ ਆ, ਤੇ ਤੂੰ ਕਹਿਨੈਂ ਦਿੱਲੀਓਂ ਆ ਰਿਹਾ ਹਾਂ।' ਮੈਂ ਟੀ ਟੀ ਨੂੰ ਸਾਰੀ ਵਾਰਤਾ ਦੱਸੀ ਤੇ ਇਹ ਵੀ ਦੱਸਿਆ ਕਿ ਮੈਂ ਅੱਗੇ ਮੁਕਤਸਰ ਜਾਣਾ ਹੈ ਅਤੇ ਉਹ ਵੀ ਕਿਸੇ ਦੀ ਮਿੰਨਤ-ਤਰਲਾ ਕਰ ਕੇ ਜਾਣਾ ਪੈਣਾ ਹੈ। ਟੀ ਟੀ ਬਾਊ ਨੇ ਮੇਰੀ ਇੱਕ ਨਾ ਮੰਨੀ ਤੇ ਦਫਤਰ 'ਚ ਲਿਜਾ ਕੇ 80 ਰੁਪਏ ਦੇ ਜੁਰਮਾਨੇ ਦੀ ਪਰਚੀ ਮੇਰੇ ਹੱਥ ਫੜਾ ਦਿੱਤੀ ਤੇ ਇਵਜ਼ ਵਿੱਚ ਮੇਰੇ ਹੱਥ 'ਚ ਫੜਿਆ ਕੱਪੜਿਆਂ ਵਾਲਾ ਬੈਗ ਰੱਖ ਲਿਆ। ਕਹਿੰਦਾ 'ਜੁਰਮਾਨਾ' ਦੇ ਜਾਵੀਂ ਤੇ ਬੈਗ ਲੈ ਜਾਵੀਂ। ਮੈਂ ਮਸੋਸਿਆ ਜਿਹਾ ਸਟੇਸ਼ਨ ਤੋਂ ਬਾਹਰ ਆ ਗਿਆ। ਬਾਹਰ ਆ ਕੇ ਕੁਝ ਸੋਚ ਕੇ ਫਿਰ ਟੀ ਟੀ ਕੋਲ ਚਲਾ ਗਿਆ ਤੇ ਕਿਹਾ, 'ਬਾਊ ਜੀ! ਜੁਰਮਾਨੇ ਵਾਲੀ ਪਰਚੀ 'ਤੇ ਅੱਸੀ ਰੁਪਏ ਕਰ ਦਿਓ ਤੇ ਮੈਨੂੰ 10 ਰੁਪਏ ਹੋਰ ਦੇ ਦਿਓ। ਮੁਕਤਸਰ ਜਾਣਾ ਮੈਂ। 'ਹੋਰ ਕੀਹਤੋਂ ਮੰਗਦਾ ਫਿਰੂੰਗਾ।'

ਬਾਊ ਮੇਰੇ ਵੱਲ ਟੇਢਾ ਜਿਹਾ ਝਾਕਿਆ ਤੇ ਆਖਣ ਲੱਗਾ ਪਹਿਲੀ ਵਾਰ ਹੋਇਆ ਮਿਲਿਆ ਹੈ ਜਿਸ ਨੇ ਜੁਰਮਾਨਾ ਦੇਣ ਦੇ ਬਜਾਏ ਉਲਟਾ ਮੇਰੇ ਕੋਲੋਂ ਪੈਸੇ ਮੰਗ ਲਈ। ਫਿਰ ਉਹ ਬਾਊ ਹੱਸਦਾ-ਹੱਸਦਾ ਮੇਰੇ ਮੋਢੇ 'ਤੇ ਹੱਥ ਧਰ ਕੇ ਤੇ ਮੇਰਾ ਬੈਗ ਚੁੱਕ ਕੇ ਮੈਨੂੰ ਦਫਤਰ 'ਚੋਂ ਬਾਹਰ ਲੈ ਆਇਆ। ਨਾਲ ਉਸ ਨੇ ਮੈਨੂੰ ਆਪਣੀ ਜੇਬ 'ਚੋਂ 10 ਰੁਪਏ ਕੱਢ ਕੇ ਦਿੱਤੇ ਤੇ ਮੈਂ ਧੰਨਵਾਦ ਕਹਿ ਕੇ ਜਾਣ ਹੀ ਲੱਗਾ ਸਾਂ ਕਿ ਉਸ ਨੇ ਮੈਨੂੰ ਰੋਕ ਲਿਆ ਤੇ ਬੋਲਿਆ; 'ਇਹ 10 ਰੁਪਏ ਤੈਨੂੰ ਕੁਝ ਖਾਣ-ਪੀਣ ਲਈ ਦਿੱਤੇ ਹਨ। ਪਤਾ ਨਹੀਂ ਤੂੰ ਕੁਝ ਖਾਧਾ ਵੀ ਜਾਂ ਨਹੀਂ।' ਮੈਂ ਹੈਰਾਨ ਹੁੰਦੇ ਹੋਏ ਪੁੱਛਿਆ, 'ਜੀ ਪਰ ਮੁਕਤਸਰ? ਤਾਂ ਉਹ ਮੇਰੀ ਗੱਲ ਵਿੱਚੋਂ ਹੀ ਕੱਟਦਾ ਹੋਇਆ ਕਹਿਣ ਲੱਗਾ, 'ਚਿੰਤਾ ਨਾ ਕਰ। ਮੁਕਤਸਰ ਜਾਣ ਵਾਲੀ ਗੱਡੀ ਆਉਣ ਵਾਲੀ ਹੈ। ਮੈਂ ਤੈਨੂੰ ਉਸ 'ਚ ਚੜ੍ਹਾ ਦਿੰਦਾ ਹਾਂ।' ਤੇ ਉਸ ਬਾਬੂ ਨੇ ਮੈਨੂੰ ਮੁਕਤਸਰ ਜਾਣ ਵਾਲੀ ਰੇਲ 'ਤੇ ਚੜ੍ਹਾਉਣ ਲੱਗੇ ਨੇ ਮੇਰੇ ਤੋਂ ਜੁਰਮਾਨੇ ਵਾਲੀ ਪਰਚੀ ਫੜ ਲਈ ਤੇ ਮੇਰਾ ਬੈਗ ਮੈਨੂੰ ਵਾਪਸ ਕਰ ਦਿੱਤਾ ਤੇ ਆਪਣੇ ਧੀਆਂ-ਪੁੱਤਰਾਂ ਵਾਂਗ ਮੇਰੇ ਸਿਰ 'ਤੇ ਹੱਥ ਫੇਰਦਾ ਹੋਇਆ ਬੋਲਿਆ, 'ਤੈਨੂੰ ਆਉਣ ਦੀ ਲੋੜ ਨਹੀਂ ਤੇ ਸਫਰ ਕਰਦਿਆਂ ਆਪਣਾ ਖਿਆਲ ਰੱਖਿਆ ਕਰ।' ਗੱਡੀ ਚੱਲ ਪਈ ਸੀ ਤੇ ਮੈਂ ਮੁਕਤਸਰ ਪਹੁੰਚ ਗਿਆ।

ਅੱਜ ਵੀ ਭਾਵੇਂ ਜ਼ਿੰਦਗੀ ਦੀ ਗੱਡੀ ਚੱਲ ਰਹੀ ਹੈ, ਪਰ ਉਹ ਨੇਕ ਇਨਸਾਨ ਮੇਰੇ ਜ਼ਿਹਨ 'ਚ ਕੋਈ ਅਭੁੱਲ ਯਾਦ ਬਣ ਕੇ ਅਜੇ ਵੀ ਵੱਸਿਆ ਹੋਇਆ ਹੈ।

# ਸਾਈਕਲ ਵਾਲੇ ਸਰਵਣ ਦੀ ਅੜੀ

-ਤਰਲੋਚਨ ਸਿੰਘ ਦੁਪਾਲਪੁਰ

ਸੰਨ ਅੱਸੀ ਦੇ ਜਨਵਰੀ ਫਰਵਰੀ ਦੀ ਗੱਲ ਹੈ। ਵੱਡੇ ਬੇਟੇ ਦਾ ਜਨਮ, ਰਵਾਇਤ ਮੁਤਾਬਕ, ਨਾਨਕੇ ਘਰ ਹੋਇਆ। ਉਨ੍ਹੀਂ ਦਿਨੀਂ ਮੇਰੇ ਸਹੁਰਾ ਸਾਹਿਬ ਨਹਿਰੀ ਵਿਭਾਗ ਵਿੱਚ ਸਨ ਤੇ ਉਨ੍ਹਾਂ ਦੀ ਰਿਹਾਇਸ਼ ਗੜ੍ਹਸ਼ੰਕਰ (ਜ਼ਿਲਾ ਹੁਸ਼ਿਆਰਪੁਰ) ਸੀ। ਨਵ ਜਨਮੇ ਬਾਲ ਦੇ ਚਾਅ ਵਿੱਚ ਮੇਰਾ ਤਾਂ ਸਹੁਰੇ ਘਰ ਕੌਡੀ ਫੇਰਾ ਰਹਿੰਦਾ ਹੀ ਸੀ, ਰਿਵਾਜ ਮੁਤਾਬਕ ਮੇਰੀ ਪਤਨੀ ਲਈ ਮਿੱਠਾ ਥਿੰਧਾ, ਕੱਪੜੇ ਲੱਤੇ ਵਗੈਰਾ ਘਰ ਦਿਆਂ ਨੇ ਲੈ ਕੇ ਜਾਣਾ ਸੀ। ਜੇਠੇ ਭਤੀਜੇ ਲਈ ਕੱਪੜੇ ਅਤੇ ਖਿਡੌਣੇ ਮੇਰੀਆਂ ਭੈਣਾਂ ਖਰੀਦ ਲਿਆਈਆਂ ਤੇ ਘਿਓ ਦੁੱਧ ਘਰ ਦਾ ਹੋਣ ਕਾਰਨ ਪੰਜੀਰੀ ਘਰੇ ਬਣਾ ਲਈ।

ਇਕ ਦਿਨ ਸੋਹਣੀ ਧੁੱਪ ਨਿਕਲੀ ਹੋਣ ਕਰਕੇ ਭਾਈਆ ਜੀ ਨੇ ਗੜ੍ਹਸ਼ੰਕਰ ਜਾਣ ਦਾ ਵਿਚਾਰ ਕੀਤਾ ਅਤੇ ਆਪਣਾ ਸਾਈਕਲ ਤਿਆਰ ਕਰ ਲਿਆ। ਇਕ ਝੋਲੇ ਵਿੱਚ ਪੰਜੀਰੀ ਵਾਲਾ ਗੜਵਾ ਅਤੇ ਦੂਜੇ ਵਿੱਚ ਸੂਟ-ਸਾਟ ਪਾ ਲਏ। ਦੋਵੇਂ ਝੋਲੇ ਹੈਂਡਲ ਦੇ ਸੱਜੇ ਖੱਬੇ ਮਜ਼ਬੂਤੀ ਨਾਲ ਬੰਨ੍ਹ ਲਏ। ਖੱਦਰ ਦੇ ਪਰਨੇ ਨੂੰ ਚੌਫਲਾ ਕਰਕੇ ਸੇਬਿਆਂ ਨਾਲ ਕੈਰੀਅਰ 'ਤੇ ਬੰਨ੍ਹ ਕੇ ਬੀਬੀ ਲਈ 'ਆਰਮ ਦਾਇਕ ਸੀਟ' ਵੀ ਬਣਾ ਲਈ।

ਚਾਈ-ਚਾਈ ਇਹ ਦੋਵੇਂ ਪਿੰਡੋਂ ਬਾਹਰ ਨਿਕਲ ਕੇ ਉਥੇ ਜਾ ਪਹੁੰਚੇ, ਜਿਥੋਂ ਭਾਈਆ ਜੀ ਨੇ ਬੀਬੀ ਜੀ ਨੂੰ ਪਿੱਛੇ ਬਹਾ ਕੇ ਸਾਈਕਲ ਉੱਤੇ ਸਵਾਰ ਹੋਣਾ ਸੀ। ਸਾਡੇ ਪਿੰਡੋਂ ਚਾਰ ਕੁ ਮੀਲ ਦੂਰ ਜਾਡਲੇ ਜਾਣ ਲਈ ਬਿਸਤ ਦੁਆਬ ਨਹਿਰ ਤੱਕ ਮੀਲ ਕੁ ਦਾ ਰਾਹ ਚੜ੍ਹਾਈ ਵਾਲਾ ਹੈ। ਚੜ੍ਹਾਈ ਤੋਂ ਰਤਾ ਘਬਰਾਉਂਦਿਆਂ ਉਨ੍ਹਾਂ ਇਸ ਆਸ ਵਿੱਚ ਪਿੰਡੋਂ ਆਉਂਦੇ ਰਾਹ ਵੱਲ ਨਜ਼ਰ ਦੁੜਾਈ ਕਿ ਸ਼ਾਇਦ ਕੋਈ 'ਕੱਲਾ ਦੁਕੱਲਾ ਸਾਈਕਲ ਵਾਲਾ ਆਉਂਦਾ ਹੋਵੇ ਤਾਂ ਨਹਿਰ ਤੱਕ ਉਹਦੇ ਪਿੱਛੇ ਆਪਣੀ ਸਵਾਰੀ ਬਹਾ ਦਿਆਂ। ਪਿੰਡ ਵੱਲੋਂ ਸਾਈਕਲ 'ਤੇ ਸ਼ੂਟ ਵੱਟੀ ਆਉਂਦੇ ਗੱਭਰੂ ਨੂੰ ਦੇਖ ਕੇ ਉਨ੍ਹਾਂ ਦੀਆਂ ਅੱਖਾਂ ਚਮਕ ਪਈਆਂ। ਪਿੰਡੋਂ ਆ ਰਿਹਾ ਇਹ ਮੁੰਡਾ ਸਾਡੇ ਪਿੰਡ ਦੇ ਬੀਬੇ ਸਾਊਆਂ ਵਿੱਚੋਂ ਇਕ ਸੀ।

'ਕਾਕਾ ਤੈਂ ਜਾਡਲੇ ਵੱਲ ਜਾਣਾ ਹੋਣੈ?' ਸਤਿਬਚਨੀ ਸੁਭਾਅ ਵਾਲਾ ਲਛਮਣ ਸਿੰਘ ਖੌਰੇ ਨਹਿਰ ਕੋਲ ਆਪਣੇ ਖੇਤਾਂ ਵੱਲ ਗੇੜਾ ਮਾਰਨ ਚੱਲਿਆ ਸੀ, ਜਾਂ ਸੱਚਮੁੱਚ ਉਹਨੇ ਜਾਡਲੇ ਜਾਣਾ ਸੀ, ਉਹਨੇ ਝੱਟ 'ਹਾਂ ਜੀ ਤਾਇਆ ਜੀ' ਆਖ ਦਿੱਤਾ ਤੇ ਬੀਬੀ ਨੂੰ ਆਪਣੇ ਸਾਈਕਲ ਪਿੱਛੇ ਬਿਠਾ ਲਿਆ। ਆਪਣੇ ਖੇਤਾਂ ਕੋਲੋਂ ਉਹ ਚੁੱਪ ਕਰਕੇ ਲੰਘ ਗਿਆ। ਇਹਦਾ ਮਤਲਬ ਉਸ ਨੇ ਕੋਈ ਸੌਦਾ ਪੱਤਾ ਲੈਣ ਜਾਡਲੇ ਜਾਣਾ ਹੋਵੇਗਾ, ਭਾਈਆ ਜੀ ਨੇ ਸੋਚਿਆ। ਚਾਰ ਮੀਲ ਸਾਈਕਲ ਚਲਾਉਂਦੇ ਜਦੋਂ ਇਹ ਜਾਡਲੇ ਵਾਲੀ ਨਹਿਰ ਦੇ ਪੁਲ 'ਤੇ ਪਹੁੰਚੇ ਤਾਂ ਬੀਬੀ ਨੂੰ ਸਾਈਕਲ ਤੋਂ ਉਤਾਰ ਕੇ ਜਾਡਲੇ ਸ਼ਹਿਰ ਵੱਲ ਜਾਣ ਦੀ ਥਾਂ ਲਛਮਣ ਸਿੰਘ ਨੇ ਸਾਈਕਲ ਨਹਿਰੇ, ਭਾਵ ਗੜ੍ਹਸ਼ੰਕਰ ਵੱਲ ਸਿੱਧਾ ਕਰ ਲਿਆ।

'ਕਾਕਾ, ਤੂੰ ਭਾਵੇਂ ਜਾਹ ਜਿਥੇ ਜਾਣਾ, ਅਸੀਂ ਆਪੇ ਈ ਪਟੜੀਉ ਪਟੜੀ ਸਿੱਧੇ ਰਾਹ ਗੜ੍ਹਸ਼ੰਕਰ ਚਲੇ ਜਾਣਾ,' ਪਰ ਉਹ 'ਕੋਈ ਨਾ ਤਾਇਆ ਜੀ.. ਆ ਜੋ ਤੁਸੀਂ' ਕਹਿੰਦਿਆਂ ਸਾਈਕਲ ਦੱਬੀ ਗਿਆ। ਭਾਈਆ ਜੀ ਨੇ ਉਹਦੇ ਨੇੜੇ ਜਿਹੇ ਹੋ ਕੇ ਫਿਰ ਕਿਹਾ, ਪਰ ਉਹ 'ਕੋਈ ਨੀ ਕੋਈ ਨੀ' ਕਰਦਾ ਤੁਰਿਆ ਰਿਹਾ। ਬਾਪੂ ਨੇ ਕਿਆਸ ਲਾਇਆ ਕਿ ਇਥੋਂ ਸੱਤ ਕੁ ਮੀਲ ਅੱਗੇ ਜਾ ਕੇ ਨਹਿਰ ਤੋਂ ਡੇਢ ਕੁ ਮੀਲ ਹਟਵਾਂ ਪਿੰਡ ਸਿੰਬਲੀ ਹੈ, ਉਥੇ ਇਨ੍ਹਾਂ ਦੀ ਖਾਸ ਰਿਸ਼ਤੇਦਾਰੀ ਹੈ, ਹੋਵੇ ਨਾ ਤਾਂ ਇਸ ਨੇ ਆਪਣੇ ਰਿਸ਼ਤੇਦਾਰਾਂ ਦੇ ਜਾਣਾ ਹੋਵੇ। ਦੂਜੇ ਪਲ ਖਿਆਲ ਆਇਆ ਕਿ ਇਹਦੇ ਤਨ ਦੇ ਕੱਪੜੇ ਤਾਂ ਸਾਧਾਰਨ ਹਨ। ਜਦੋਂ ਉਹ ਸਿੰਬਲੀ ਵਾਲਾ ਪੁਲ ਵੀ ਟੱਪ ਗਿਆ ਤਾਂ ਬਜ਼ੁਰਗਾਂ ਨੂੰ ਅਚੰਭਾ ਹੋਇਆ ਕਿ ਆਖਰ ਇਸ ਨੇ ਜਾਣਾ ਕਿੱਥੇ ਹੈ?

ਪਿੰਡੋਂ ਵੀਹ ਬਾਈ ਕਿਲੋਮੀਟਰ ਸਾਈਕਲ ਚਲਾਉਂਦਾ ਉਹ ਧੁਰ ਗੜ੍ਹਸ਼ੰਕਰ ਦੇ ਪੁਲ ਉਤੇ ਜਾ ਪਹੁੰਚਿਆ, ਚੱਲਣ ਲੱਗਿਆਂ ਉਹਨੇ ਪੁੱਛ ਜੁ ਲਿਆ ਸੀ ਕਿ ਜਾ ਕਿੱਥੇ ਰਹੇ ਨੇ।

ਜਦ ਕਿਤੇ ਸਲੱਗ ਧੀਆਂ ਪੁੱਤਾਂ ਦੀ ਗੱਲ ਚੱਲਣੀ ਤਾਂ ਭਾਈਆ ਜੀ ਨੇ ਆਪਣੀ ਇਸ ਹੱਡ ਬੀਤੀ ਦੇ ਅੰਤਲੇ ਭਾਗ ਵਿੱਚ ਲਛਮਣ ਸਿੰਘ ਵੱਲੋਂ ਕੀਤੇ ਇਕ ਹੋਰ ਪਰਉਪਕਾਰ ਬਾਰੇ ਦੱਸਣਾ। ਗੜ੍ਹਸ਼ੰਕਰ ਵਾਲੇ ਪੁਲ ਦੇ ਲਹਿੰਦੇ ਪਾਸੇ ਨਾਲ ਹੀ ਨਹਿਰੀ ਕਲੋਨੀ ਹੈ, ਜਿਥੇ ਸਾਡੇ ਕੁੜਮ ਰਹਿੰਦੇ ਸਨ, ਤੇ ਚੜ੍ਹਦੇ ਪਾਸੇ ਅੱਧੇ ਕੁ ਮੀਲ 'ਤੇ ਸ਼ਹਿਰ ਦਾ ਬਾਜ਼ਾਰ। ਮੈਂ ਉਹਨੂੰ ਕਿਹਾ 'ਕਾਕਾ ਤੂੰ ਇਥੇ ਰਤਾ ਰੁਕ, ਮੈਂ ਕੋਈ ਫਲ ਫਰੂਟ ਲੈ ਆਵਾਂ, ਅਸੀਂ ਅੱਜ ਸ਼ਗਨਾਂ ਨਾਲ ਨਵੇਂ-ਨਵੇਂ ਕੁੜਮਾਂ ਦੇ ਜਾ ਰਹੇ ਹਾਂ।' ਇਹ ਸੁਣਦਿਆਂ ਉਨੇ ਸਾਈਕਲ ਚੱਕਿਆ, ਮੇਰੇ ਮਨ੍ਹਾ ਕਰਦੇ-ਕਰਦੇ ਸ਼ਹਿਰ ਨੂੰ ਭੱਜ ਗਿਆ ਅਤੇ ਮਿੰਟਾਂ ਵਿੱਚ ਹੀ ਕੇਲਿਆਂ ਤੇ ਸੇਬਾਂ ਦੇ ਦੋ ਲਫਾਫੇ ਸਾਡੇ ਹੱਥ ਲਿਆ ਫੜਾਏ।

ਆਪਣੇ ਬੁੱਢੇ ਮਾਂ ਬਾਪ ਨੂੰ ਵਹਿੰਗੀ ਵਿੱਚ ਬਿਠਾ ਕੇ ਤੀਰਥਾਂ ਦੀ ਯਾਤਰਾ ਕਰਵਾਉਣ ਵਾਲੇ ਸਰਵਣ ਪੁੱਤ ਵਰਗੇ ਆਗਿਆਕਾਰੀ ਲਛਮਣ ਸਿੰਘ ਨੇ ਅੱਧੇ ਪੌਣੇ ਕਿਲੋਮੀਟਰ ਤੱਕ ਸਵਾਰੀ ਲਿਜਾਣ ਲਈ ਕਹਿਣ 'ਤੇ ਵੀਹ ਬਾਈ ਮੀਲ ਦਾ ਸਫਰ ਕਰ ਲਿਆ, ਪਰ ਫਰੂਟ ਦੇ ਪੈਸੇ ਫੜਾਉਣ ਵੇਲੇ ਪੈਸੇ ਨਾ ਫੜਨ ਦੀ ਅੜੀ ਫੜ ਲਈ। ਬਾਂਹੋ ਫੜ ਕੇ ਖਿੱਚਿਆ ਕਿ ਕੁੜਮਾਂ ਦੇ ਘਰੋਂ ਚਾਹ ਦਾ ਕੱਪ ਪੀ ਕੇ ਜਾਈਂ, ਇਹ ਵੀ ਨਹੀਂ ਮੰਨਿਆ। ਅਸੀਂ ਦੋਵਾਂ ਨੇ ਉਹਨੂੰ ਬੱਚਿਆਂ ਵਾਂਗ ਕਲਾਵੇ 'ਚ ਲੈਂਦਿਆਂ ਪੁੱਛਿਆ, 'ਪੁੱਤ! ਸੱਚ-ਸੱਚ ਦੱਸ, ਤੂੰ ਅੱਜ ਪਿੰਡੋਂ ਕਿੱਥੇ ਜਾਣ ਲਈ ਕਿਲਿਆਂ ਸੈਂ?' ਸਾਈਕਲ ਵਾਲੇ ਸਰਵਣ ਨੇ ਸਾਡੇ ਸਵਾਲ ਦੇ ਜਵਾਬ ਵਿੱਚ ਮੁਸਕਰਾਉਂਦਿਆਂ ਹੋਇਆ ਸਾਨੂੰ ਝੁਕ ਕੇ ਪ੍ਰਮਾਣ ਕੀਤਾ, ਤੇ ਅਹੁ ਗਿਆ..ਅਹੁ ਗਿਆ!


For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL

LED Pot Lights(Indoor/Outdoor) ਲਗਵਾਓ Hydro Bill ਤੇ 40%–50% ਬਚਾਓ

Contact: Nirmal Singh Johal(Certified Electrician)647-716-2677



DUCT CLEANING

A breath of Clean air

Residential & Commercial Air duct cleaning and dryer vent cleaning

Free Sanitizer




66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖਸ਼ ਕੰਮ ਦੀ ਗਾਰੰਟੀ

For Professional Duct Cleaning Services

Call Air Frais Duct Cleaning at:

905-867-9000



JEYA

LOOKING FOR LONG/SHORT HAULS

Hiring Team Drivers & Single drivers

DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.

Sakshi: 647-534-5770 | Riki: 647-963-7131

Office: 905-564-8851

Email: ramesh@jeyatransport.com/sakshi@jeyatransport.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ

TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca

Toronto Head Office:
15 wertheim court # 501
Richmond Hill, ON L4B 3H7

# ਇਹ ਕਾਰਨ ਸੀ ਵੱਡੀ ਜਾਂਚ ਏਜੰਸੀ ਸੀ ਬੀ ਆਈ ਵਿੱਚ ਅੱਧੀ ਰਾਤ ਦੇ ਰਾਜ-ਪਲਟੇ ਦਾ!



ਜਤਿੰਦਰ ਪੰਨੂ

ਮੁਕੱਦਮਾ ਅਕਾਲੀ-ਭਾਜਪਾ ਸਰਕਾਰ ਵੇਲੇ ਬਣਦਾ ਸੀ ਤਾਂ ਕਾਂਗਰਸ ਵਾਲੇ ਕਹਿੰਦੇ ਸਨ ਕਿ ਇਸ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਜਾਵੇ ਤੇ ਅੱਜ ਕੱਲ੍ਹ ਜਦੋਂ ਕੋਈ ਕੇਸ ਕਾਂਗਰਸੀ ਰਾਜ ਵਿੱਚ ਬਣਦਾ ਹੈ, ਇਹੋ ਗੱਲ ਅਕਾਲੀ-ਭਾਜਪਾ ਵਾਲੇ ਲੀਡਰ ਕਹਿ ਛੱਡਦੇ ਹਨ। ਹਰ ਰਾਜ ਵਿੱਚ ਹਰ ਵਿਰੋਧੀ ਧਿਰ ਵੱਲੋਂ ਇਹੋ ਜਿਹੀ ਮੰਗ ਦਾ ਉੱਠਣਾ ਦੱਸਦਾ ਹੈ ਕਿ ਭਾਰਤ ਦੀ ਇਸ ਕੇਂਦਰੀ ਜਾਂਚ ਏਜੰਸੀ ਦੀ ਭਰੋਸੇ ਯੋਗਤਾ ਹਾਲੇ ਤੱਕ ਬਾਕੀਆਂ ਨਾਲੋਂ ਕੁਝ ਨਾ ਕੁਝ ਵੱਧ ਹੈ। ਦੂਸਰਾ ਪੱਖ ਇਹ ਹੈ ਕਿ ਭਾਜਪਾ ਰਾਜ ਵਿੱਚ ਕਾਂਗਰਸੀ ਕਹਿੰਦੇ ਹਨ ਕਿ ਇਹ ਏਜੰਸੀ ਕੇਂਦਰ ਸਰਕਾਰ ਦਾ ਹੱਥ-ਠੋਕਾ ਬਣ ਗਈ ਹੈ ਤੇ ਪਿਛਲੇ ਸਮੇਂ ਵਿੱਚ ਕਾਂਗਰਸੀ ਰਾਜ ਵੇਲੇ ਇਹੋ ਗੱਲ ਭਾਜਪਾ ਆਗੂ ਕਿਹਾ ਕਰਦੇ ਸਨ। ਇਸ ਮਾਮਲੇ ਵਿੱਚ ਸਭ ਤੋਂ ਸਪੱਸ਼ਟ ਰਾਏ ਬਹੁਜਨ ਸਮਾਜ ਪਾਰਟੀ ਦੀ ਮੁਖੀ ਬੀਬੀ ਮਾਇਆਵਤੀ ਦੀ ਸੀ। ਮਨਮੋਹਨ ਸਿੰਘ ਦੇ ਰਾਜ ਵੇਲੇ ਭਾਜਪਾ ਆਗੂਆਂ ਨੇ ਰਾਜ ਸਭਾ ਵਿੱਚ ਇਹ ਦੁਹਾਈ ਪਾਈ ਕਿ ਸਰਕਾਰ ਸੀ ਬੀ ਆਈ ਦੀ ਦੁਰਵਰਤੋਂ ਕਰਦੀ ਹੈ। ਬਹਿਸ ਵਿੱਚ ਬੋਲਣ ਵੇਲੇ ਅਗਲਾ ਮਿਹਣਾ ਮਾਇਆਵਤੀ ਮਾਰ ਗਈ ਕਿ ਇਹ ਦੁਰਵਰਤੋਂ ਕਿਸ ਨੇ ਨਹੀਂ ਕੀਤੀ, ਤੁਹਾਡੀ ਵਾਜਪਾਈ ਸਰਕਾਰ ਦੌਰਾਨ ਤੁਸੀਂ ਵੀ ਇਸ ਦੀ ਵਰਤੋਂ ਮੇਰੀ ਸਰਕਾਰ ਡੇਗਣ ਵਾਸਤੇ ਕੀਤੀ ਸੀ। ਫਿਰ ਭਾਜਪਾ ਆਗੂ ਚੁੱਪ ਹੋ ਗਏ ਸਨ। ਏਨਾ ਕੁਝ ਹੋਈ ਜਾਣ ਦੇ ਬਾਵਜੂਦ ਇਸ ਏਜੰਸੀ ਦੀ ਕੁਝ ਨਾ ਕੁਝ ਭਰੋਸੇ ਯੋਗਤਾ ਬਚੀ ਹੋਈ ਸੀ, ਪਰ ਕੇਂਦਰੀ ਹਾਕਮਾਂ ਤੇ ਖੁਦ ਸੀ ਬੀ ਆਈ ਦੇ ਅਗਵਾਨੂੰ ਅਫਸਰਾਂ ਨੇ ਇਸ ਏਜੰਸੀ ਨੂੰ ਹੱਦੋਂ ਬਾਹਰਾ ਖੋਰਾ ਲਾ ਦਿੱਤਾ ਹੈ।

ਕਾਂਗਰਸ ਰਾਜ ਵਿੱਚ ਜਦੋਂ ਕੋਲਾ ਸਕੈਂਡਲ ਦੀ ਜਾਂਚ ਚੱਲਦੀ ਪਈ ਸੀ, ਸੁਪਰੀਮ ਕੋਰਟ ਨੇ ਸਾਫ ਕਿਹਾ ਸੀ ਕਿ ਇਹ ਏਜੰਸੀ ਸਿਰਫ ਸੁਪਰੀਮ ਕੋਰਟ ਨੂੰ ਰਿਪੋਰਟ ਕਰੇਗੀ, ਕਿਸੇ ਵੀ ਮੰਤਰੀ ਜਾਂ ਹੋਰ ਬਾਹਰੀ ਅਧਿਕਾਰੀ ਨਾਲ ਸਲਾਹ ਨਹੀਂ ਕਰੇਗੀ ਤੇ ਇਹ ਗੱਲ ਅਗਲੇ ਹਫਤੇ ਹੀ ਸਾਹਮਣੇ ਆ ਗਈ ਕਿ ਇਹ ਸਲਾਹ ਇੱਕ ਮੰਤਰੀ ਨਾਲ ਕੀਤੀ ਜਾ ਰਹੀ ਹੈ। ਉਸ ਕੇਂਦਰੀ ਮੰਤਰੀ ਨੂੰ ਫਿਰ ਇਸ ਦੋਸ਼ ਹੇਠ ਅਸਤੀਫਾ ਦੇਣਾ ਪਿਆ ਸੀ। ਓਦੋਂ ਪਹਿਲਾਂ ਵਾਜਪਾਈ ਸਰਕਾਰ ਵੇਲੇ ਜਦੋਂ ਪ੍ਰਧਾਨ ਮੰਤਰੀ ਕਿਸੇ ਵਿਦੇਸ਼ ਦੌਰੇ ਉੱਤੇ ਗਏ ਸਨ, ਡਿਪਟੀ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਇਸ ਏਜੰਸੀ ਨੂੰ ਆਪਣੇ ਚਾਰਜ ਵਿੱਚ ਲੈਣ ਦਾ ਹੁਕਮ ਜਾਰੀ ਕੀਤਾ ਤੇ ਫਿਰ ਅਯੁੱਧਿਆ ਵਾਲੇ ਕੇਸ ਦੇ ਦੋਸ਼ੀਆਂ ਵਿੱਚੋਂ ਆਪਣਾ ਨਾਂਅ ਕੱਢਵਾ ਲਿਆ ਸੀ। ਏਜੰਸੀ ਦੇ ਮੁਖੀ ਨੂੰ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਸੀ ਕਿ ਅਡਵਾਨੀ ਦਾ ਨਾਂਅ ਕਾਨੂੰਨੀ ਰਾਏ ਲੈ ਕੇ ਕੱਢਿਆ ਹੈ, ਪਰ ਕਾਨੂੰਨੀ ਰਾਏ ਓਦੋਂ ਲਈ ਗਈ ਸੀ, ਜਦੋਂ ਏਜੰਸੀ ਦੇ ਇੰਚਾਰਜ ਮੰਤਰੀ ਅਡਵਾਨੀ ਸਾਹਿਬ ਖੁਦ ਆਪ ਬਣ ਗਏ ਸਨ।

ਅੱਜ ਕੱਲ੍ਹ ਫਿਰ ਇਹ ਸਭ ਤੋਂ ਵੱਡੀ ਅਤੇ ਹਾਲੇ ਤੱਕ ਸਭ ਤੋਂ ਵੱਧ ਭਰੋਸੇ ਯੋਗ ਮੰਨੀ ਜਾਣ ਵਾਲੀ ਏਜੰਸੀ ਵਿਵਾਦ ਵਿੱਚ ਉਲਝੀ ਹੋਈ ਹੈ। ਬੀਤੇ ਸੋਮਵਾਰ ਨੂੰ ਇਸ ਦੇ ਸਿਖਰਲੇ ਅਫਸਰ ਨੇ ਚਾਬੀਆਂ ਘੁੰਮਾਈਆਂ ਅਤੇ ਦੂਸਰੇ



ਨੰਬਰ ਵਾਲੇ ਅਫਸਰ ਦੇ ਖਿਲਾਫ ਕਰੋੜਾਂ ਦੀ ਰਿਸ਼ਵਤ ਦਾ ਕੇਸ ਦਰਜ ਕਰ ਦਿੱਤਾ। ਅੱਗੋਂ ਉਸ ਨੇ ਕਹਿ ਦਿੱਤਾ ਕਿ ਸਿਖਰਲੇ ਅਫਸਰ ਦੇ ਖਿਲਾਫ ਮੈਂ ਪੰਦਰਾਂ ਦਿਨ ਪਹਿਲਾਂ ਇਹ ਹੀ ਦੋਸ਼ ਲਾ ਚੁੱਕਾ ਸਾਂ, ਉਸ ਤੋਂ ਬਚਣ ਲਈ ਮੇਰੇ ਉੱਤੇ ਕੇਸ ਕੀਤਾ ਹੈ। ਇਸ ਦੇ ਅਗਲੇ ਦਿਨ ਦੂਸਰੇ ਅਫਸਰ ਦੇ ਨੇੜਲੇ ਇੱਕ ਡੀ ਐੱਸ ਪੀ ਨੂੰ ਗ੍ਰਿਫਤਾਰ ਕਰ ਕੇ ਅਦਾਲਤ ਪੇਸ਼ ਕਰ ਦਿੱਤਾ ਗਿਆ ਤੇ ਜਿਹੜੇ ਡੀ ਐੱਸ ਪੀ ਨੂੰ ਉਹ ਫੜਿਆ ਹੋਇਆ ਡੀ ਐੱਸ ਪੀ ਪੇਸ਼ ਕਰਨ ਲਈ ਭੇਜਿਆ ਗਿਆ, ਉਸ ਤੋਂ ਅਗਲੇ ਦਿਨ ਹੀ ਉਸ ਦੂਸਰੇ ਡੀ ਐੱਸ ਪੀ ਦੀ ਖੜੇ ਪੈਰ ਤਬਦੀਲੀ ਕਰ ਕੇ ਅੰਡੇਮਾਨ ਨਿਕੋਬਾਰ ਦੇ ਕਾਲੇ ਪਾਣੀ ਪੁਚਾ ਦਿੱਤਾ ਗਿਆ। ਇਹ ਬਦਲੀ ਕੇਂਦਰ ਸਰਕਾਰ ਦੇ ਹੁਕਮ ਨਾਲ ਰਾਤੋ-ਰਾਤ ਇਸ ਏਜੰਸੀ ਦੇ ਨਵੇਂ ਕਾਰਜਕਾਰੀ ਡਾਇਰੈਕਟਰ ਬਣੇ ਅਫਸਰ ਨੇ ਆ ਕੇ ਕੀਤੀ ਸੀ। ਨਵਾਂ ਅਫਸਰ ਤੀਸਰੇ ਨੰਬਰ ਦਾ ਸੀ, ਪਹਿਲੇ ਤੇ ਦੂਸਰੇ ਦੇ ਆਪਸੀ ਝਗੜੇ ਨੂੰ ਬਹਾਨਾ ਬਣਾ ਕੇ ਦੋਵਾਂ ਨੂੰ ਛੁੱਟੀ ਭੇਜ ਦਿੱਤਾ ਗਿਆ ਤੇ ਤੀਸਰੇ ਨੂੰ ਅੱਧੀ ਰਾਤ ਕਮਾਨ ਸੌਂਪੀ ਗਈ ਸੀ। ਤੀਸਰਾ ਏਨੀ ਫੁਰਤੀ ਨਾਲ ਚੱਲਿਆ ਕਿ ਉਸ ਨੇ ਅੱਧੀ ਰਾਤ ਨੂੰ ਦਿੱਲੀ ਪੁਲਸ ਦੇ ਸਪੈਸ਼ਲ ਦਸਤੇ ਮੰਗਵਾਏ ਤੇ ਆਪਣੀ ਹੀ ਏਜੰਸੀ ਦੇ ਹੈੱਡ ਕੁਆਰਟਰ ਉੱਤੇ ਰਾਜ-ਪਲਟਾ ਕਰਨ ਵਾਂਗ ਕਾਰਵਾਈ ਕਰ ਦਿੱਤੀ। ਦੋਵਾਂ ਵੱਡੇ ਅਫਸਰਾਂ ਦੇ ਦਫਤਰ ਸੀਲ ਕਰ ਕੇ ਉਨ੍ਹਾਂ ਦੀਆਂ ਚਾਬੀਆਂ ਆਪਣੀ ਜੇਬ ਵਿੱਚ ਪਾ ਕੇ ਸਾਰਾ ਦਿਨ ਦਫਤਰ ਵਿੱਚ ਕਿਸੇ ਨੂੰ ਨਹੀਂ ਵੜਨ ਦਿੱਤਾ ਗਿਆ। ਇਸ ਨਾਲ ਸਾਰਾ ਦੇਸ਼ ਬਹੁਤ ਬੁਰੀ ਤਰ੍ਹਾਂ ਝੰਜੋੜਿਆ ਗਿਆ। ਫਿਰ ਇਹ ਕੇਸ ਦੇਸ਼ ਦੀ ਸੁਪਰੀਮ ਕੋਰਟ ਵਿੱਚ ਜਾ ਪਹੁੰਚਿਆ।

ਜਿਹੜੀ ਗੱਲ ਇਸ ਕੇਸ ਵਿੱਚ ਬਹੁਤੇ ਲੋਕਾਂ ਨੂੰ ਪਤਾ ਨਹੀਂ ਲੱਗ ਸਕੀ, ਉਹ ਇਹ ਹੈ ਕਿ ਜਿਸ ਦੂਸਰੇ ਨੰਬਰ ਦੇ ਅਫਸਰ ਰਾਕੇਸ਼ ਅਸਥਾਨਾ ਦੇ ਖਿਲਾਫ ਭ੍ਰਿਸ਼ਟਾਚਾਰ ਦਾ ਪਰਚਾ ਦਰਜ ਹੁੰਦੇ ਸਾਰ ਕੇਂਦਰ ਸਰਕਾਰ ਰਾਜ-ਪਲਟਾ ਕਰਨ ਦੇ ਰਾਹ ਪੈ ਗਈ, ਉਸ ਦਾ ਪਿਛੋਕੜ ਗੁਜਰਾਤ ਨਾਲ ਜੁੜਦਾ ਹੈ। ਗੁਜਰਾਤ ਦੇ ਇੱਕ-ਤਰਫਾ ਦੰਗਿਆਂ ਤੋਂ ਪਹਿਲਾਂ ਗੋਧਰਾ ਦੇ ਸਟੇਸ਼ਨ ਉੱਤੇ ਖੜੀ ਇੱਕ ਰੇਲ ਗੱਡੀ ਦੇ ਡੱਬੇ ਨੂੰ ਅੱਗ ਲੱਗੀ ਸੀ ਤੇ ਅਯੁੱਧਿਆ ਤੋਂ ਮੁੜਦੇ ਕੁਝ ਕਾਰ-ਸੇਵਕ ਸੜਨ ਨਾਲ ਮਾਰੇ ਗਏ ਸਨ। ਅੱਗ ਦੀ ਉਸ ਘਟਨਾ ਲਈ ਕੁਝ ਮੁਸਲਿਮ ਨੌਜਵਾਨਾਂ ਨੂੰ ਦੋਸ਼ੀ ਦੱਸਿਆ ਗਿਆ ਸੀ ਤੇ ਫਿਰ ਗੁਜਰਾਤ ਦੇ ਹਰ ਕੋਨੇ ਵਿੱਚ ਦੰਗੇ ਹੋਣ ਲੱਗੇ ਸਨ। ਗੋਧਰਾ ਦੇ ਉਸ ਡੱਬੇ ਨੂੰ ਲੱਗੀ ਅੱਗ ਦੀ ਜਾਂਚ ਕਰਨ ਅਤੇ ਫਿਰ ਉਸ ਅੱਗ ਦੇ ਲਈ ਇੱਕ ਤਰਫਾ ਰਿਪੋਰਟ ਦੇਣ ਵਾਲਾ ਅਫਸਰ ਹੋਰ ਨਹੀਂ, ਸੀ ਬੀ ਆਈ ਦਾ ਇਹੋ ਦੂਸਰੇ ਨੰਬਰ ਦਾ ਅਫਸਰ ਸੀ, ਜਿਸ ਦੇ ਖਿਲਾਫ ਤਿੰਨ ਕਰੋੜ ਰੁਪਏ ਰਿਸ਼ਵਤ ਲੈਣ ਦਾ ਕੇਸ ਦਰਜ ਹੋਣਾ ਮੋਦੀ ਸਰਕਾਰ ਤੋਂ ਜਰਿਆ ਨਹੀਂ ਗਿਆ। ਇਹੀ ਨਹੀਂ ਕਿ ਉਹ ਅਫਸਰ ਗੁਜਰਾਤ ਦੇ ਉਸ ਖਾਸ ਕੇਸ ਨਾਲ ਸੰਬੰਧਤ ਰਿਹਾ ਸੀ, ਜਿਸ ਸਟਰਲਿੰਗ ਬਾਇਓਟੈਕ ਕੰਪਨੀ ਦੇ ਬਾਰੇ ਇਹ ਦੋਸ਼ ਲੱਗ ਰਿਹਾ ਹੈ ਕਿ ਵਿਜੇ ਮਾਲਿਆ ਤੇ ਨੀਰਵ ਮੋਦੀ ਤੋਂ ਵੀ ਵੱਡਾ ਘਪਲਾ ਕਰ ਕੇ ਭੱਜ ਗਈ ਹੈ, ਉਸ ਨਾਲ ਵੀ ਇਸ ਰਾਕੇਸ਼ ਅਸਥਾਨਾ ਦਾ ਨਾਂਅ ਜੁੜਦਾ ਹੈ। ਜਦੋਂ ਇਸ ਨੂੰ ਗੁਜਰਾਤ ਪੁਲਸ ਵਿੱਚੋਂ ਸੀ ਬੀ ਆਈ ਵਿੱਚ ਲਿਆਂਦਾ ਜਾਣਾ ਸੀ ਤਾਂ ਇੱਕ ਸਮਾਜ ਸੇਵੀ ਸੰਸਥਾ ਨੇ ਸਬੂਤ ਪੇਸ਼ ਕਰ ਕੇ ਸਵਾਲ ਉਠਾਏ ਸਨ ਕਿ ਸਟਰਲਿੰਗ ਬਾਇਓਟੈੱਕ ਦੇ ਖਿਲਾਫ ਜਿਹੜੀ ਸੀ ਬੀ ਆਈ ਜਾਂਚ ਕਰ ਰਹੀ ਹੈ, ਓਸੇ ਏਜੰਸੀ ਵਿੱਚ ਚੱਲਦੀ ਜਾਂਚ ਦੌਰਾਨ ਉਸ ਬਦਨਾਮ ਕੰਪਨੀ ਦੇ ਨੇੜੂ ਰਹੇ ਰਾਕੇਸ਼ ਅਸਥਾਨਾ ਨੂੰ ਨੰਬਰ ਦੋ ਦੇ ਅਫਸਰ ਬਣਾਉਣ ਨਾਲ ਜਾਂਚ ਦਾ ਭੱਠਾ ਬੈਠ ਜਾਵੇਗਾ।

ਜਿਹੜੀਆਂ ਗੱਲਾਂ ਦੀ ਓਦੋਂ ਪ੍ਰਵਾਹ ਨਹੀਂ ਸੀ ਕੀਤੀ ਗਈ, ਉਹ ਗੱਲਾਂ ਸੀ ਬੀ ਆਈ ਵਿੱਚ ਹੋਏ ਅੱਧੀ ਰਾਤ ਵਾਲੇ ਰਾਜ-ਪਲਟੇ ਦਾ ਕੇਸ ਸੁਪਰੀਮ ਕੋਰਟ ਵਿੱਚ ਪੁੱਜਣ ਪਿੱਛੋਂ ਕਾਨੂੰਨ ਦੇ ਕਟਹਿਰੇ ਵਿੱਚ ਖੜੇ ਹੋ ਕੇ ਸਰਕਾਰ ਚਲਾਉਣ ਵਾਲੇ ਲੋਕਾਂ ਤੋਂ ਸਿੱਧਾ ਜਵਾਬ ਮੰਗ ਰਹੀਆਂ ਹਨ। ਉਨ੍ਹਾਂ ਤੋਂ ਜਵਾਬ ਨਹੀਂ ਦਿੱਤਾ ਜਾ ਰਿਹਾ। ਇਸ ਰੌਲੇ ਵਿੱਚ ਇਹ ਗੱਲ ਵੀ ਨਾਲ ਸ਼ਾਮਲ ਹੋ ਗਈ ਹੈ ਕਿ ਰਾਜ-ਪਲਟੇ ਦੇ ਦੋ ਕਾਰਨਾਂ ਵਿੱਚੋਂ ਇੱਕ ਤਾਂ ਗੁਜਰਾਤ ਦੇ ਸੁਪਰ-ਕੌਪ ਅਸਥਾਨਾ ਦੇ ਬਚਾਅ ਲਈ ਹੀਲਾ ਕਰਨਾ ਸੀ ਤੇ ਦੂਸਰੀ ਇਹ ਕਿ ਸੀ ਬੀ ਆਈ ਦਾ ਮੁਖੀ ਆਲੋਕ ਵਰਮਾ ਅੱਜ ਕੱਲ੍ਹ ਫਰਾਂਸ ਤੋਂ ਖਰੀਦੇ ਗਏ ਰਾਫੇਲ ਜੰਗੀ ਜਹਾਜ਼ਾਂ ਦੇ ਸ਼ੱਕੀ ਸੌਦੇ ਦੇ ਦਸਤਾਵੇਜ਼ ਫੋਲਣ ਲੱਗ ਪਿਆ ਸੀ। ਕਾਰਨ ਤਾਂ ਦੋਵੇਂ ਹੀ ਸਾਫ ਦਿੱਸਦੇ ਹਨ।

# ਵਿਰੋਧੀ ਧਿਰ ਨੂੰ ਦੇਸ਼ ਵਿੱਚ ਅੱਜ ਤੋਂ ਬਿਹਤਰ ਹਾਲਾਤ ਨਹੀਂ ਮਿਲ ਸਕਣਗੇ

-ਆਕਾਰ ਪਟੇਲ

ਅਮਰੀਕਾ ਵਿੱਚ ਦੂਜੀ ਵਿਸ਼ਵ ਜੰਗ (ਜੋ 1945 'ਚ ਖਤਮ ਹੋਈ) ਤੋਂ ਬਾਅਦ ਆਰਥਿਕ ਵਿਕਾਸ ਦੇ ਦੂਜੇ ਸਭ ਤੋਂ ਲੰਮੇ ਦੌਰ ਕਾਰਨ ਰਾਸ਼ਟਰਪਤੀ ਟਰੰਪ ਕੁਝ ਲੋਕਪ੍ਰਿਅਤਾ ਦਾ ਮਜ਼ਾ ਲੈ ਰਹੇ ਹਨ। ਆਖਰੀ ਤਿਮਾਹੀ 'ਚ ਅਮਰੀਕੀ ਅਰਥ ਵਿਵਸਥਾ ਨੇ ਚਾਰ ਫੀਸਦੀ ਤੋਂ ਵੱਧ ਦਾ ਵਾਧਾ ਦਰਜ ਕੀਤਾ ਹੈ। ਭਾਰਤ 'ਚ ਸ਼ਾਇਦ ਅਸੀਂ ਇਸ ਅੰਕੜੇ ਤੋਂ ਪ੍ਰਭਾਵਤ ਨਾ ਹੋਈਏ, ਪਰ ਤੱਥ ਇਹ ਹੈ ਕਿ ਅਮਰੀਕੀ ਅਰਥ ਵਿਵਸਥਾ ਦਾ ਸਾਈਜ਼ ਭਾਰਤੀ ਅਰਥ ਵਿਵਸਥਾ ਦੇ ਮੁਕਾਬਲੇ 10 ਗੁਣਾ ਵੱਧ ਹੈ, ਜਦ ਕਿ ਉਸ ਦੀ ਆਬਾਦੀ ਭਾਰਤ ਦੇ ਮੁਕਾ-ਬਲੇ ਸਿਰਫ ਇੱਕ ਚੌਥਾਈ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇੱਕ ਔਸਤ ਅਮਰੀਕੀ ਇੱਕ ਔਸਤ ਭਾਰਤੀ ਤੋਂ ਚਾਲੀ ਗੁਣਾ ਵੱਧ ਉਤਪਾਦਕਤਾ ਦਿੰਦਾ ਹੈ।

ਜਦ ਵਿਰੋਧੀ ਧਿਰ ਟਰੰਪ ਦੇ ਨਿੱਜੀ ਮਾੜੇ ਰਵੱਈਏ ਜਾਂ ਤਾਲਮੇਲ ਤੇ ਏਕੀਕ੍ਰਿਤ ਨੀਤੀਆਂ ਦੀ ਕਮੀ ਦੀ ਸ਼ਿਕਾਇਤ ਕਰਦੀ ਹੈ ਤਾਂ ਉਹ ਅਰਥ ਵਿਵਸਥਾ ਦੀ ਕਾਰਗੁਜ਼ਾਰੀ ਅਤੇ ਉਨ੍ਹਾਂ ਲੋਕਾਂ ਦੀ ਗਿਣਤੀ ਵੱਲ ਸੰਕੇਤ ਕਰਦੀ ਹੈ, ਜਿਨ੍ਹਾਂ ਕੋਲ ਨੌਕਰੀਆਂ ਹਨ। ਅਮਰੀਕਾ ਵਿੱਚ ਅਗਲੇ ਦਿਨਾਂ 'ਚ ਮੱਧ-ਕਾਲੀ ਚੋਣਾਂ ਹੋਣੀਆਂ ਹਨ ਅਤੇ ਆਮ ਤੌਰ 'ਤੇ ਚਰਚਾ ਦਾ ਵਿਸ਼ਾ ਇਹ ਹੋਵੇਗਾ ਕਿ ਉਹ ਕਿਸੇ ਮੁੱਦੇ 'ਤੇ ਲੜੀਆਂ ਜਾਣਗੀਆਂ। ਵਿਰੋਧੀ ਆਗੂਆਂ ਦਾ ਕਹਿਣਾ ਹੈ ਕਿ ਟਰੰਪ ਇੱਕ ਖਤਰਨਾਕ ਸ਼ਰਾਰਤੀ ਹੈ, ਜਦ ਕਿ ਟਰੰਪ ਆਪਣੀ ਕਾਰਗੁਜ਼ਾਰੀ ਵੱਲ ਇਸ਼ਾਰਾ ਕਰਦੇ ਹਨ। ਬਿਨਾਂ ਸ਼ੱਕ ਟਰੰਪ ਦੇ ਰਵੱਈਏ ਬਾਰੇ ਕੁਝ ਗੰਭੀਰ ਮੁੱਦੇ ਹਨ ਅਤੇ ਇਥੋਂ ਤੱਕ ਉਨ੍ਹਾਂ ਦੀ ਪਾਰਟੀ ਵਿੱਚ ਵੀ ਕੁਝ ਲੋਕ ਉਨ੍ਹਾਂ ਨੂੰ ਤਰਕ ਸੰਗਤ ਨਹੀਂ ਮੰਨਦੇ, ਪਰ ਉਨ੍ਹਾਂ ਦਾ ਆਪਣਾ ਇੱਕ ਸਮਰਥਨ ਆਧਾਰ ਹੈ, ਜੋ ਵਿਰੋਧੀਆਂ ਦੇ ਤਰਕਾਂ ਨੂੰ ਨਜ਼ਰ ਅੰਦਾਜ਼ ਕਰ ਦੇਂਦਾ ਹੈ। ਟਰੰਪ ਦੀ ਰੇਟਿੰਗ ਵਿੱਚ ਸੁਧਾਰ ਹੋਇਆ ਹੈ ਕਿਉਂਕਿ ਉਨ੍ਹਾਂ ਦੇ ਬੋਲਣ ਦਾ ਤਰੀਕਾ ਜੇਤੂਆਂ ਵਰਗਾ ਹੈ। ਸਾਲ 2017 'ਚ ਲੰਬੇ ਸਮੇਂ ਤੱਕ ਤੇ ਇਸ ਸਾਲ ਦੇ ਸ਼ੁਰੂ 'ਚ ਮੰਨਿਆ ਜਾਂਦਾ ਸੀ ਕਿ ਆਪਣੇ ਮੁੱਦਿਆਂ ਬਾਰੇ ਵਿਰੋਧੀ ਧਿਰ ਚੋਣਾਂ ਵਿਚ ਸ਼ਾਨਦਾਰ ਜਿੱਤ ਹਾਸਲ ਕਰੇਗੀ, ਪਰ ਇਹ ਸਪੱਸ਼ਟ ਨਹੀਂ ਕਿ ਅਜਿਹਾ ਹੋਵੇਗਾ ਅਤੇ ਇਸ ਗੱਲ ਦੀ ਸੰਭਾਵਨਾ ਹੈ ਕਿ ਟਰੰਪ ਦੀ ਪਾਰਟੀ ਉਮੀਦ ਤੋਂ ਬਿਹਤਰ ਕਾਰਗੁਜ਼ਾਰੀ ਦਿਖਾਏਗੀ। ਜੇ ਵਿਰਧੀ ਧਿਰ ਚੋਣਾਂ ਵਿੱਚ ਕੁਝ ਹਾਸਲ ਕਰਨਾ ਚਾਹੁੰਦੀ ਹੈ ਤਾਂ ਇਹ ਉਸ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਵਿਚਾਰਾਂ ਨੂੰ ਅੱਗੇ ਰੱਖੇ।

ਭਾਰਤ ਵਿੱਚ ਆਮ ਤੌਰ 'ਤੇ ਚੋਣਾਂ ਦੀ ਸਕ੍ਰਿਪਟ ਉਤੇ ਸੱਤਾਧਾਰੀ ਪਾਰਟੀ ਦੀ ਬਜਾਏ ਵਿਰੋਧੀ ਧਿਰ ਦਾ ਕੰਟਰੋਲ ਰਹਿੰਦਾ ਹੈ। 30 ਸਾਲ ਪਹਿਲਾਂ ਬੋਫਰਜ਼ ਘਪਲੇ ਦੇ ਮੁੱਦੇ ਬਾਰੇ ਵਿਰੋਧੀ ਧਿਰ ਕਾਂਗਰਸ (ਜਿਸ ਦੀਆਂ ਲੋਕ ਸਭਾ ਵਿੱਚ ਚਾਰ ਸੌ ਤੋਂ ਵੱਧ ਸੀਟਾਂ ਸਨ) ਦੇ ਵਿਰੁੱਧ ਇਕਜੁੱਟ ਹੋਈ ਸੀ। ਰਾਜੀਵ ਗਾਂਧੀ ਨੇ 21ਵੀਂ ਸਦੀ ਦੇ ਭਾਰਤ ਦੀ ਗੱਲ ਕੀਤੀ ਅਤੇ ਹਾਂ-ਪੱਖੀ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਾਕਾਮ ਰਹੇ। ਤੱਥ ਇਹ ਹੈ ਕਿ ਭਾਰਤ ਵਿੱਚ ਨਾਂਹ-ਪੱਖੀ ਮੁੱਦੇ ਹਾਂ-ਪੱਖੀ ਮੁੱਦਿਆਂ ਦੇ ਮੁਕਾਬਲੇ ਬਿਹਤਰ ਕਾਰਗੁਜ਼ਾਰੀ ਦਿਖਾਉਂਦੇ ਹਨ। ਕੋਈ ਵੀ ਤਜਰਬੇਕਾਰ ਸਿਆਸਤਦਾਨ ਤੁਹਾਨੂੰ ਇਹ ਦੱਸ ਦੇਵੇਗਾ। ਸਾਲ 2011 ਤੇ 2013 ਦੇ ਦੌਰਾਨ ਸਾਹਮਣੇ ਆਏ ਘਪਲਿਆਂ ਤੇ ਕਾਂਡਾਂ ਦੇ ਨਤੀਜੇ ਵਜੋਂ ਮਨਮੋਹਨ ਸਿੰਘ ਸਰਕਾਰ ਸੱਤਾ ਤੋਂ ਹੱਥ ਧੋ ਬੈਠੀ। ਇਸ ਨੂੰ ਇੱਕ ਅਸਮਰੱਥ, ਕਮਜ਼ੋਰ ਅਤੇ ਨਤੀਜੇ ਦੇਣ ਵਿੱਚ ਅਸਫਲ ਵਜੋਂ ਦੇਖਿਆ ਗਿਆ ਤੇ ਇਹ ਦੋਸ਼ਾਂ ਦੇ ਵਿਰੋਧ 'ਚ ਆਪਣਾ ਬਚਾਅ ਕਰਨ ਦੇ ਸਮਰੱਥ ਨਹੀਂ ਸੀ।

ਤੱਥ ਇਹ ਹੈ ਕਿ ਅਸਮਰੱਥਾ ਦੇ ਅਜਿਹੇ ਹੀ ਦੋਸ਼ ਅੱਜਕੱਲ੍ਹ ਮੌਜੂਦਾ ਸਰਕਾਰ ਦੇ ਵਿਰੁੱਧ ਵੀ ਲਾਏ ਜਾ ਸਕਦੇ ਹਨ। ਉਨ੍ਹਾਂ ਚੀਜ਼ਾਂ ਦੀ ਸੂਚੀ 'ਤੇ ਨਜ਼ਰ ਮਾਰਦੇ ਹਾਂ, ਜਿਨ੍ਹਾਂ ਨੇ ਹਾਂ-ਪੱਖੀ ਕਾਰਨਾਂ ਕਰ ਕੇ ਸੁਰਖੀਆਂ ਵਿੱਚ ਥਾਂ ਬਣਾਈ। ਮੈਂ ਘੱਟੋ ਘੱਟ 10 ਚੀਜ਼ਾਂ ਬਾਰੇ ਸੋਚ ਸਕਦਾ ਹਾਂ; ਨੋਟਬੰਦੀ, ਭੀੜਤੰਤਰ, ਡਾਲਰ ਦੇ ਮੁਕਾਬਲੇ ਰੁਪਏ 'ਚ ਗਿਰਾਵਟ, ਰਾਫੇਲ ਮੁੱਦਾ, ਖੇਤੀ ਖੇਤਰ ਵਿੱਚ ਸੰਕਟ, ਹਰੇਕ ਭਾਰਤੀ ਦੇ ਖਾਤੇ 'ਚ 15 ਲੱਖ ਰੁਪਏ ਪਾਉਣ ਦੇ ਵਾਅਦੇ ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿਣਾ, ਮੁਦਰਾਸਫੀਤੀ, ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ 'ਚ ਵਾਧਾ, ਮੰਤਰੀਆਂ ਵਿਰੁੱਧ ਸੈਕਸ ਸ਼ੋਸ਼ਣ ਦੇ ਦੋਸ਼ ਅਤੇ ਰਸਮੀ ਖੇਤਰਾਂ ਵਿੱਚ ਨੌਕਰੀਆਂ ਦੀ ਕਮੀ। ਇਨ੍ਹਾਂ ਤੋਂ ਬਿਨਾ ਕਈ ਹੋਰ ਚੀਜ਼ਾਂ ਹੋ ਸਕਦੀਆਂ ਹਨ। ਮੈਂ ਕੁਝ ਚੀਜ਼ਾਂ ਸ਼ਾਮਲ ਨਹੀਂ ਕੀਤੀਆਂ ਹਨ, ਜੋ ਆਮ ਤੌਰ 'ਤੇ ਚੋਣ ਮੁੱਦੇ ਨਹੀਂ ਹੁੰਦੇ। ਦਿੱਲੀ ਦੇ ਰਣਨੀਤਕ ਮਾਮਲਿਆਂ ਦੇ ਮਾਹਰਾਂ ਦਾ ਪੂਰਾ ਭਾਈਚਾਰਾ ਸਹਿਮਤ ਹੈ ਕਿ ਇਸ ਸਰਕਾਰ ਵੇਲੇ ਅਸੀਂ ਆਪਣੇ ਗੁਆਂਢ ਵਿੱਚ ਜਗ੍ਹਾ ਚੀਨ ਨੂੰ ਸਮਰਪਿਤ ਕਰ ਦਿੱਤੀ ਹੈ। ਪਿਛਲੇ ਚਾਰ ਸਾਲਾਂ 'ਚ ਸਾਡੀ ਹਾਲਤ ਸ੍ਰੀਲੰਕਾ, ਮਾਲਦੀਵਜ਼, ਭੂਟਾਨ, ਨੇਪਾਲ ਇਥੋਂ ਤੱਕ ਕਿ ਪਾਕਿਸਤਾਨ ਵਿੱਚ ਨਾਟਕੀ ਢੰਗ ਨਾਲ ਬਦਤਰ ਹੋਈ ਹੈ।

ਜਿਵੇਂ ਦੇਖਿਆ ਜਾ ਸਕਦਾ ਹੈ ਕਿ ਕਿਸੇ ਮੁਹਿੰਮ ਨੂੰ ਵਿਕਸਿਤ ਅਤੇ ਤੈਨਾਤ ਕਰਨ ਲਈ ਵਿਰੋਧੀਆਂ ਲਈ ਸਾਮਾਨ ਦੀ ਕਮੀ ਨਹੀਂ ਹੈ। ਯਕੀਨੀ ਤੌਰ 'ਤੇ ਇਹ ਨਾ ਤਾਂ ਤਰਕ ਸੰਗਤ ਨਜ਼ਰ ਆਉਂਦਾ ਹੈ ਤੇ ਨਾ ਹੀ ਪ੍ਰਭਾਵੀ ਅਤੇ ਧਿਆਨ ਰੱਖੋ ਕਿ ਅਜੇ ਆਪਣੀ ਮੁਹਿੰਮ ਸ਼ੁਰੂ ਵੀ ਨਹੀਂ ਕੀਤੀ। ਆਸ ਕਰਨੀ ਚਾਹੀਦੀ ਹੈ ਕਿ ਅਗਲੇ ਕੁਝ ਦਿਨਾਂ ਵਿੱਚ (ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੀਆਂ ਮਹੱਤਵ ਪੂਰਨ ਚੋਣਾਂ ਦੇ ਕਾਰਨ) ਸਰਕਾਰ ਇੱਕ ਬਹੁਤ ਸ਼ਕਤੀਸ਼ਾਲੀ ਸੰਦੇਸ਼ ਦੇਵੇਗੀ, ਜੋ ਸਕ੍ਰਿਪਟ ਦਾ ਕੰਟਰੋਲ ਆਪਣੇ ਹੱਥ ਵਿੱਚ ਲੈ ਲਵੇਗੀ। ਇਹ ਸ਼ਾਇਦ ਸਰਦਾਰ ਪਟੇਲ ਦੀ ਮੂਰਤੀ ਦੀ ਘੁੰਡ ਚੁਕਾਈ ਤੋਂ ਸ਼ੁਰੂ ਹੋਵੇਗਾ ਤੇ ਓਦੋਂ ਬਾਅਦ ਜਾਰੀ ਰਹੇਗਾ। ਲਗਭਗ ਸਾਰੀਆਂ ਸਕ੍ਰਿਪਟਸ ਦਾਅਵਿਆਂ 'ਤੇ ਆਧਾਰਤ ਹੋਣਗੀਆਂ ਬਜਾਏ ਅੰਕੜਿਆਂ ਦੇ। ਅਮਰੀਕਾ ਵਿੱਚ ਨੌਕਰੀਆਂ ਦਾ ਅੰਕੜਾ ਬੜਾ ਵਧੀਆ ਹੈ ਕਿਉਂਕਿ ਉਥੇ ਇਸ ਦੇ ਲਈ ਬਹੁਤ ਸਾਰੇ ਸਰੋਤ ਹਨ। ਭਾਰਤ ਵਿੱਚ ਕਿਉਂਕਿ ਅਰਥ ਵਿਵਸਥਾ ਦਾ ਰਸਮੀ ਖੇਤਰ ਵੱਡਾ ਨਹੀਂ, ਅੰਕੜੇ ਚੰਗੇ ਨਹੀਂ ਹਨ, ਸਾਨੂੰ ਅਸਲ ਵਿੱਚ ਨਹੀਂ ਪਤਾ ਕਿ ਅਰਥ ਵਿਵਸਥਾ ਦੇ ਜ਼ਿਆਦਾਤਰ ਹਿੱਸੇ ਵਿੱਚ ਕੀ ਹੋ ਰਿਹਾ ਹੈ। ਕੋਈ ਵੀ ਉਨ੍ਹਾਂ ਹਿੱਸਿਆਂ 'ਤੇ ਨਜ਼ਰ ਨਹੀਂ ਰੱਖ ਰਿਹਾ, ਕਿਉਂਕਿ ਉਹ ਬੜੇ ਛੋਟੇ ਹਨ। ਸਰਕਾਰ ਨੂੰ ਜਨਤਾ ਨੂੰ ਪ੍ਰਭਾਵਤ ਕਰਨਾ ਪਵੇਗਾ ਕਿ ਉਹ 2014 ਦੇ ਮੁਕਾਬਲੇ ਅੱਜ ਜ਼ਿਕਰਯੋਗ ਢੰਗ ਨਾਲਵ ਬਿਹਤਰ ਕਰ ਰਹੀ ਹੈ, ਅਜਿਹਾ ਕਰਨਾ ਆਸਾਨ ਨਹੀਂ ਹੈ। ਮੇਰੇ ਵੱਲੋਂ ਸੂਚੀਬੱਧ ਕੀਤੇ ਗਏ ਉਕਤ 10 ਮੁੱਦਿਆਂ ਵਿੱਚੋਂ ਜ਼ਿਆਦਾਤਰ ਅੰਕੜੇ ਵਿਰੋਧੀਆਂ ਦੇ ਹੱਕ ਵਿੱਚ ਹਨ। ਚੋਣਾਂ ਦੀਆਂ ਸ਼ਰਤਾਂ ਤੈਅ ਕਰਨਾ ਪੂਰੀ ਤਰ੍ਹਾਂ ਉਨ੍ਹਾਂ 'ਤੇ ਨਿਰਭਰ ਹੈ ਤੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਇਸ ਤੋਂ ਬਿਹਤਰ ਹਾਲਾਤ ਨਹੀਂ ਮਿਲਣਗੇ, ਜਿਵੇਂ ਕਿ ਅੱਜ ਅਸੀਂ ਭਾਰਤ 'ਚ ਦੇਖ ਸਕਦੇ ਹਾਂ।

# ਪਾਰਟੀਬਾਜ਼ੀ ਤੋਂ ਉਠ ਕੇ ਹੱਲ ਕੀਤਾ ਜਾਵੇ ਪਾਣੀ ਤੇ ਕਿਸਾਨੀ ਦਾ ਸੰਕਟ

-ਕੌਸ਼ਲ ਕਿਸ਼ੋਰ

ਪਾਣੀ ਅਤੇ ਕਿਸਾਨੀ ਅੱਜ ਦੋਵੇਂ ਸੰਕਟ 'ਚ ਹਨ। ਤਾਮਿਲ ਨਾਡੂ ਦੇ ਕਿਸਾਨਾਂ ਨੇ ਵਾਰ-ਵਾਰ ਜੰਤਰ-ਮੰਤਰ ਵਿਖੇ ਧਰਨੇ ਦੇ ਕੇ ਇਸ ਦਾ ਪ੍ਰਗਟਾਵਾ ਕੀਤਾ ਤਾਂ ਮੱਧ ਪ੍ਰਦੇਸ਼ ਦੇ ਕਿਸਾਨਾਂ ਨੇ ਮੰਦਸੌਰ 'ਚ ਸਰਕਾਰੀ ਬੰਦੂਕਾਂ 'ਚੋਂ ਨਿਕਲੀਆਂ ਗੋਲੀਆਂ ਦਾ ਸਾਹਮਣਾ ਕੀਤਾ। ਖੱਬੇ-ਪੱਖੀ ਸੰਗਠਨਾਂ ਨੇ ਵੀ ਖੇਤੀ-ਕਿਸਾਨੀ ਦੇ ਸੰਕਟ ਦੂਰ ਕਰਨ ਲਈ ਆਵਾਜ਼ਾਂ ਚੁੱਕੀਆਂ ਹਨ। ਯੋਗੇਂਦਰ ਯਾਦਵ ਦੇਸ਼ ਦੇ ਕਿਸਾਨ ਸੰਗਠਨਾਂ ਨੂੰ ਇਕਜੁੱਟ ਹੋ ਕੇ ਸੰਘਰਸ਼ ਦੀ ਧਾਰ ਤਿੱਖੀ ਕਰਨ 'ਚ ਲੱਗੇ ਹੋਏ ਹਨ। ਕਿਸਾਨਾਂ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਤੋਂ ਜਵਾਬ ਤਲਬੀ ਕਰਨ ਵਾਲੇ ਮਹਾਰਾਸ਼ਟਰ ਦੇ ਨੇਤਾ ਨਾਨਾਭਾਊ ਪਟੋਲੇ ਦੇਸ਼ ਦੇ 100 ਤੋਂ ਵੱਧ ਸੰਗਠਨਾਂ ਨੂੰ ਇਕੱਠੇ ਕਰ ਕੇ ਪਾਰਲੀਮੈਂਟ ਘਿਰਾਓ ਕਰ ਰਹੇ ਹਨ। ਇਹ ਆਵਾਜ਼ਾਂ ਦੇ ਉਠਣ ਤੋਂ ਪਹਿਲਾਂ ਹੀ ਨੀਤੀ ਆਯੋਗ ਦੇ ਬਾਬੂ ਅਰਵਿੰਦ ਪਨਗੜ੍ਹੀਆ ਨੇ ਆਪਣੇ ਇੱਕ ਮਿੱਤਰ ਨਾਲ ਮਿਲ ਕੇ ਇੱਕ ਕਿਤਾਬ ਲਿਖੀ, ਜਿਸ 'ਚ ਕਿਹਾ ਗਿਆ ਕਿ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੂਜੇ ਸੈਕਟਰ 'ਚ ਹੋ ਰਹੀਆਂ ਅਜਿਹੀਆਂ ਮੌਤਾਂ ਦੇ ਮੁਕਾਬਲੇ ਕਾਫੀ ਘੱਟ ਹਨ। ਉਨ੍ਹਾਂ ਨੇ ਦੇਸ਼ ਦੀ ਆਬਾਦੀ ਦਾ 53 ਫੀਸਦੀ ਹਿੱਸਾ ਖੇਤੀ ਦੇ ਧੰਦੇ ਵਿੱਚ ਲੱਗਾ ਮੰਨ ਕੇ ਇਹ ਸਿੱਟਾ ਕੱਢਿਆ। ਇਸ ਵਿੱਚ ਉਹ ਲੋਕ ਸ਼ਾਮਲ ਹਨ, ਜਿਹੜੇ ਅਮਿਤਾਭ ਬੱਚਨ ਵਾਂਗ ਬਾਰਾਬੰਕੀ 'ਚ ਖੇਤੀ ਯੋਗ ਜ਼ਮੀਨ ਖਰੀਦ ਕੇ ਕਿਸਾਨ ਹੋਣ ਦਾ ਦਾਅਵਾ ਕਰ ਸਕਦੇ ਹਨ। ਭਾਰਤ ਸਰਕਾਰ ਨੇ ਸਾਲ 'ਚ 180 ਦਿਨ ਖੇਤੀਬਾੜੀ ਦੇ ਧੰਦੇ 'ਚ ਲੱਗੇ ਲੋਕਾਂ ਨੂੰ ਹੀ ਕਿਸਾਨ ਮੰਨਿਆ ਹੈ ਤੇ 2011 ਦੀ ਮਰਦਮ ਸ਼ੁਮਾਰੀ ਮੁਤਾਬਕ ਅਜਿਹੇ ਕਿਸਾਨਾਂ ਦੀ ਗਿਣਤੀ ਸਿਰਫ ਅੱਠ ਫੀਸਦੀ ਹੈ।

ਇਸ ਦਿਸ਼ਾ ਵਿੱਚ ਨੀਤੀ ਆਯੋਗ ਦੇ ਬਾਬੂ ਦਾ ਇਰਾਦਾ ਸਪੱਸ਼ਟ ਹੈ ਤੇ ਨਾਲ ਇਹ ਵੀ ਕਿ ਖੇਤੀ ਕਰਜ਼ਾ ਮੁਆਫੀ, ਫਸਲ ਬੀਮਾ, ਲਾਗਤ ਦਾ ਡੇਢ ਗੁਣਾ ਮੁੱਲ ਅਤੇ ਈ-ਮੰਡੀ ਵਰਗੀਆਂ ਯੋਜਨਾਵਾਂ ਨਾਲ ਕਿਸਾਨਾਂ ਦੇ ਚੰਗੇ ਦਿਨਾਂ ਦਾ ਸੁਫਨਾ ਪੂਰਾ ਨਹੀਂ ਹੋਇਆ। 16ਵੀਂ ਲੋਕ ਸਭਾ ਦੀਆਂ ਚੋਣਾਂ ਦੇ ਕੇਂਦਰ ਵਿੱਚ ਗੰਗਾ ਦੀ ਪੁਕਾਰ ਰਹੀ। ਮੋਦੀ ਸਰਕਾਰ 'ਨਮਾਮਿ ਗੰਗੇ' ਦਾ ਮੰਤਰ ਜਪਦੀ ਹੈ। 'ਨਮਾਮਿ ਗੰਗੇ' ਕੁੱਲ 20 ਕਰੋੜ ਰੁਪਏ ਦੀ ਯੋਜਨਾ ਹੈ। ਅੱਜ ਕੱਲ੍ਹ ਲਾਲ ਕਿਲੇ ਵਾਂਗ ਗੰਗਾ ਦਾ ਘਾਟ ਵੀ ਦੇਸ਼ ਦੇ ਉਦਯੋਗਪਤੀਆਂ ਨੇ ਗੋਦ ਲੈ ਲਿਆ ਹੈ। ਨਦੀਆਂ ਨੂੰ ਜੋੜਨ ਦੀ ਕੋਸ਼ਿਸ਼ ਦੇ ਨਾਲ ਹੀ ਇਨ੍ਹਾਂ ਬੇਜਾਨ ਨਦੀਆਂ ਲਈ ਰੈਲੀ ਕੱਢਣ ਵਾਲੇ ਸਦਗੁਰੂ ਦੀ ਪੌਦੇ ਲਾਉਣ ਸੰਬੰਧੀ ਮੁਹਿੰਮ ਦੀ ਸਫਲਤਾ ਵੀ ਉਨ੍ਹਾਂ ਵਾਸਤੇ ਮਾਇਨੇ ਰੱਖਦੀ ਹੈ। ਇਨ੍ਹਾਂ ਸਾਰੀਆਂ ਯੋਜਨਾਵਾਂ ਦਾ ਸਿਆਸੀ ਅਰਥ ਸ਼ਾਸਤਰ ਘੱਟੋ-ਘੱਟ ਪੰਜ ਲੱਖ ਕਰੋੜ ਰੁਪਏ ਦਾ ਹੈ। ਇਸੇ ਦੌਰਾਨ ਵਿਕਾਸ ਦੀ ਹਨੇਰੀ ਨੂੰ ਚੁਣੌਤੀ ਦੇਣ ਲਈ ਬਨਾਰਸ ਦੇ ਮੱਲਾਹ ਖੜ੍ਹੇ ਹੁੰਦੇ ਹਨ। ਇੱਕ ਦਿਨ ਇਸੇ ਜ਼ਮੀਨ 'ਤੇ ਗੰਗਾ ਮੁਕਤੀ ਅੰਦੋਲਨ ਦੇ ਪ੍ਰੇਰਨਾ ਸਰੋਤ ਬਾਬਾ ਨਾਗਨਾਥ ਸ਼ਹੀਦ ਹੋਏ ਸਨ। ਇਸ ਦੇਸ਼ ਦੇ ਚੌਗਿਰਦਾ ਵਿਗਿਆਨੀਆਂ ਦੇ ਆਗੂ ਜੀ ਡੀ ਅਗਰਵਾਲ ਸੰਨਿਆਸੀ ਹੋ ਗਏ। ਪਿੱਛੇ ਜਿਹੇ ਉਹ 111 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅਦ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਗੰਗਾਪੁੱਤਰ ਨਿਗਮਾਨੰਦ ਦੇ ਨਾਂਅ 'ਤੇ ਬਣੀ ਸੈਨਾ ਦੇ ਨਾਇਕ ਗੋਪਾਲ ਦਾਸ ਦਾ ਸਤਿਆਗ੍ਰਹਿ ਜਾਰੀ ਹੈ। ਜਲ ਪੁਰਸ਼ ਰਜਿੰਦਰ ਸਿੰਘ ਇਨ੍ਹਾਂ ਅੰਦੋਲਨਾਂ ਨੂੰ ਇਕਜੁੱਟ ਕਰਨ ਲਈ ਗੰਗੋਤਰੀ ਤੋਂ ਗੰਗਾਸਾਗਰ ਤੱਕ ਦੀ ਸਦਭਾਵਨਾ ਯਾਤਰਾ 'ਚ ਜੀਅ-ਜਾਨ ਨਾਲ ਲੱਗੇ ਹੋਏ ਹਨ।

ਬੀਤੀ ਚਾਰ ਅਕਤੂਬਰ ਨੂੰ ਕਾਂਗਰਸ ਹੈਡਕੁਆਰਟਰ 'ਚ ਪਿੰਡਾਂ ਤੇ ਕਿਸਾਨਾਂ ਨਾਲ ਜੁੜੇ ਇਨ੍ਹਾਂ ਸਾਰੇ ਮਸਲਿਆਂ 'ਤੇ ਚਰਚਾ ਹੋਈ ਤੇ ਸਾਰੇ ਲੋਕਾਂ ਨੇ ਜ਼ੁਬਾਨੀ ਵੋਟ ਨਾਲ ਇਹ ਤਜਵੀਜ਼ ਸਵੀਕਾਰ ਕੀਤੀ ਕਿ ਅਸੀਂ ਜਦੋਂ ਜਦੋਂ ਵੀ ਅੰਨ ਗ੍ਰਹਿਣ ਕਰਦੇ ਹਾਂ, ਖੇਤਾਂ ਵਿੱਚ ਅੰਨ ਉਗਾਉਣ ਵਾਲੇ ਨੂੰ ਯਾਦ ਕੀਤਾ ਜਾਵੇ। ਕਿਸਾਨੀ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਨੂੰ ਸੰਬੋਧਤ ਕਰਨ ਲਈ 10 ਦਿਨਾਂ ਤੱਕ ਪਾਰਲੀਮੈਂਟ 'ਚ ਚਰਚਾ ਹੋਵੇ, ਜਿਸ ਵਿੱਚ ਕੋਈ ਵੀ ਸਵਾਲ ਅਛੂਤਾ ਨਾ ਰਹੇ।

ਕਿਸਾਨ ਸੰਗਠਨਾਂ ਦੀ ਏਕਤਾ ਦਾ ਮੁੱਦਾ ਇੱਕ ਸਰਵ ਪ੍ਰਵਾਨਿਤ ਕਿਸਾਨ ਆਗੂ ਲੱਭਣ ਦੀ ਕੋਸ਼ਿਸ਼ ਵਿੱਚ ਸਿਮਟਦਾ ਜਾ ਰਿਹਾ ਹੈ। ਗੌਰ ਕਰਨ ਵਾਲੀ ਗੱਲ ਹੈ ਕਿ ਨਰਿੰਦਰ ਮੋਦੀ ਨਾਲ ਹੋਏ ਮਤਭੇਦਾਂ ਤੋਂ ਬਾਅਦ ਲੋਕ ਸਭਾ ਅਤੇ ਭਾਜਪਾ ਦੀ ਮੈਂਬਰਸ਼ਿਪ ਤਿਆਗਣ ਵਾਲੇ ਸਾਬਕਾ ਪਾਰਲੀਮੈਂਟ ਮੈਂਬਰ ਨੂੰ ਕਾਂਗਰਸ ਪਾਰਟੀ ਨੇ ਸਾਲਾਂ ਤੋਂ ਬੰਦ ਪਈ ਕਿਸਾਨ ਮਜ਼ਦੂਰ ਕਾਂਗਰਸ ਦਾ ਪ੍ਰਧਾਨ ਨਿਯੁਕਤ ਕੀਤਾ ਹੈ।

ਪਾਣੀ ਤੇ ਕਿਸਾਨੀ ਦੇ ਸੰਕਟ ਨੂੰ ਦੂਰ ਕਰਨ ਦੀ ਨੀਤ ਨਾਲ ਸੱਤਿਆਗ੍ਰਹਿ ਅਤੇ ਸ਼ਕਤੀ ਪ੍ਰਦਰਸ਼ਨ ਵਿੱਚ ਲੱਗੀ ਜਮਾਤ ਦੇ ਲੋਕ ਜਲ ਪੁਰਸ਼ ਰਜਿੰਦਰ ਸਿੰਘ ਅਤੇ ਨਾਨਾਭਾਊ ਪਟੋਲੇ ਵੱਲ ਆਸ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਹਨ। ਗਾਂਧੀਵਾਦੀ ਢੰਗ ਨਾਲ ਰੇਗਿਸਤਾਨ 'ਚ ਨਦੀਆਂ ਵਗਾਉਣ ਵਾਲੇ ਲੋਕ ਨਾਇਕ ਅੱਜ ਗੰਗਾਪੁੱਤਰ ਸਾਨੰਦ ਦੇ ਬਲੀਦਾਨ ਤੋਂ ਦੁਖੀ ਹਨ। ਪਾਰਲੀਮੈਂਟ ਵਿੱਚ 'ਇਕਾਦਸ਼ੀ ਵਰਤ' ਹੋਵੇ ਤਾਂ ਹੀ ਇਹ ਹਾਉਕਾ ਮਿਟ ਸਕੇਗਾ। ਉਸ ਤੋਂ ਬਾਅਦ 10 ਦਿਨਾਂ ਤੱਕ ਪਾਣੀ ਅਤੇ ਕਿਸਾਨੀ ਦੇ ਸੰਕਟ 'ਤੇ ਚਰਚਾ ਹੋਵੇ। ਇਸ ਮੁਹਿੰਮ ਦੇ ਸਮਰਥਕਾਂ ਨੇ ਸੰਸਦ ਮੈਂਬਰਾਂ ਨੂੰ ਪਾਰਟੀਵਾਦੀ ਵਾਲੀ ਸਿਆਸਤ ਤੋਂ ਉਪਰ ਉਠ ਕੇ ਇਸ ਮੁੱਦੇ 'ਤੇ ਆਮ ਸਹਿਮਤੀ ਬਣਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ ਹੈ। ਨਰਾਤਿਆਂ 'ਚ ਪੂਜਾ-ਪਾਠ ਕਰਨ ਵਾਲੇ ਪਾਰਲੀਮੈਂਟ ਮੈਂਬਰਾਂ ਲਈ ਇਹ ਕੰਮ ਇੱਕ ਉਤਸਵ ਵਰਗਾ ਹੋ ਸਕਦਾ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500
ਬਲਵਿੰਦਰ

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES:
• Visitor Visa ($200)
• Supervisa ($200)
• Study, Work, Visitor Extension ($125)
• Spousal Applications ($600)
• Family Sponsorship
• Permanent Residence Card Renewal ($65)
• Citizenship Applications ($70)
• All Invitation letters ($35)
OTHER PRACTICES:
• Criminal Law
• Power of Attorney ($60)
• Change of Name ($115)
• Notarization ($15)
• Travel Consent ($20)
• Affidavit ($35)
• Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
◦ Low Down payment/Flexible Terms
◦ Large Inventory of New Trucks & Trailers
◦ Quick Approvals ◦ Honest Service
◦ Best Rate in Town ◦ Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
◆ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep
SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ ।

# ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਡੇਰਾ ਬੱਸੀ ਦੀਆਂ 57 ਉਦਯੋਗਿਕ ਯੂਨਿਟਾਂ ਬੰਦ ਕਰਨ ਨੂੰ ਕਿਹਾ

ਡੇਰਾ ਬੱਸੀ, 28 ਅਕਤੂਬਰ (ਪੋਸਟ ਬਿਊਰੋ)- ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਪ੍ਰਦੂਸ਼ਣ ਫੈਲਾਉਣ ਦੇ ਦੋਸ਼ ਵਿੱਚ ਡੇਰਾ ਬੱਸੀ ਦੀਆਂ 57 ਇੰਡਸਟਰੀਜ਼ ਨੂੰ ਬੰਦ ਕਰਨ ਦੇ ਹੁਕਮ ਦਿੱਤੇ ਹਨ। ਇਹ ਹੁਕਮ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸੀਨੀਅਰ ਸਾਇੰਟਿਸਟ ਦੀਆਂ ਨੌਂ ਟੀਮਾਂ ਦੀ ਬੀਤੇ ਮਹੀਨੇ ਦੀ 101 ਇੰਡਸਟਰੀਜ਼ ਦੀ ਇੰਸਪੈਕਸ਼ਨ ਰਿਪੋਰਟ ਦੇ ਉੱਤੇ ਜਾਰੀ ਕੀਤੇ ਗਏ ਹਨ। 57 ਇੰਡਸਟਰੀਜ਼ ਵਿੱਚ 53 ਡੇਰਾ ਬੱਸੀ ਫੋਕਲ ਪੁਆਇੰਟ ਦੀਆਂ ਹਨ।

ਮਿਲੀ ਜਾਣਕਾਰੀ ਅਨੁਸਾਰ ਐਨ ਜੀ ਟੀ ਨੇ ਡੇਰਾ ਬੱਸੀ ਦੀਆਂ 57 ਇੰਡਸਟਰੀਜ਼ ਨੂੰ ਬੰਦ ਕਰਨ ਦੇ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਹਨ ਅਤੇ ਪੰਜਾਬ ਸਰਕਾਰ ਦੇ ਪ੍ਰਦੂਸ਼ਣ ਕੰਟਰੋਲ ਵਿਭਾਗ, ਡੀ ਜੀ ਵਾਟਰ ਸਪਲਾਈ ਅਤੇ ਸੀਵਰੇਜ ਦੇ ਨਾਲ ਪੰਜਾਬ ਬਿਜਲੀ ਵਿਭਾਗ ਨੂੰ ਵੀ ਇਸ ਦੀਆਂ ਕਾਪੀਆਂ ਭੇਜ ਕੇ ਆਖਿਆ ਗਿਆ ਹੈ ਕਿ ਇਕ ਹਫਤੇ ਵਿੱਚ ਇਨ੍ਹਾਂ ਇੰਡਸਟਰੀਜ਼ ਨੂੰ ਬੰਦ ਕਰਨ ਦੀ ਕਾਰਵਾਈ ਯਕੀਨੀ ਬਣਾਈ ਜਾਵੇ ਅਤੇ ਜੇ ਕਿਤੇ ਸੁਰੱਖਿਆ ਦੀ ਜ਼ਰੂਰਤ ਪਵੇ ਤਾਂ ਪੁਲਸ ਤੇ ਪ੍ਰਸ਼ਾਸਨ ਦਾ ਸਹਿਯੋਗ ਲਿਆ ਜਾਵੇ। ਐਨ ਜੀ ਟੀ ਨੇ ਕੇਸ ਦੀ ਅਗਲੀ ਸੁਣਵਾਈ ਲਈ 13 ਨਵੰਬਰ ਦੀ ਤਰੀਕ ਤੈਅ ਕੀਤੀ ਹੈ, ਜਦੋਂ




ਅਗਲੀ ਕਾਰਵਾਈ ਬਾਰੇ ਵਿਚਾਰ ਹੋਵੇਗੀ।

ਇੰਸਾਪੁਰ ਪਿੰਡ ਵਾਸੀਆਂ ਵੱਲੋਂ ਐਨ ਜੀ ਟੀ ਵਿੱਚ ਕੇਸ ਲੜ ਰਹੇ ਕਰਨ ਜੰਡ ਮੁੱਲਾਂਪੁਰ ਅਤੇ ਕਰਨੈਲ ਸਿੰਘ ਨੇ ਦੱਸਿਆ ਕਿ 28 ਅਗਸਤ ਨੂੰ ਐਨ ਜੀ ਟੀ ਦੇ ਹੁਕਮ ਨਾਲ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਸੀਨੀਅਰ ਸਾਇੰਟਿਸਟ ਦੀਆਂ 9 ਟੀਮਾਂ ਡੇਰਾ ਬੱਸੀ ਵਿੱਚ ਇੰਡਸਟਰੀਜ਼ ਦੀ ਇੰਸਪੈਕਸ਼ਨ 'ਤੇ ਲਾਈਆਂ ਸਨ। ਇਨ੍ਹਾਂ ਨੌਂ ਟੀਮਾਂ ਨੇ ਕੁੱਲ 101 ਇੰਡਸਟਰੀਜ਼ ਦਾ ਦੌਰਾ ਕੀਤਾ, ਜਿਸ ਵਿੱਚ 87 ਇੰਡਸਟਰੀਜ਼ ਫੋਕਲ ਪੁਆਇੰਟ ਦੀਆਂ ਸਨ। ਇਸ ਇੰਸਪੈਕਸ਼ਨ ਵਿੱਚ ਇੰਡਸਟ੍ਰੀਅਲ ਫੋਕਲ ਪੁਆਇੰਟ ਦੀਆਂ 53 ਇੰਡਸਟਰੀਜ਼ ਅਤੇ ਬਰਵਾਲਾ ਰੋਡ ਦੇ ਦੁਆਲੇ ਕੈਮੀਕਲ ਇੰਡਸਟਰੀਜ਼ ਨੂੰ ਡਿਫਾਲਟਰ ਪਾਇਆ ਗਿਆ। ਐਨ ਜੀ ਟੀ ਨੂੰ ਪੇਸ਼ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਈ ਬੰਦ ਹੋ ਚੁੱਕੇ ਯੂਨਿਟਸ ਵਿੱਚ ਕਈ ਦੂਸਰੇ ਨਾਮ ਨਾਲ ਇੰਡਸਟਰੀ ਚੱਲਦੀ ਮਿਲ ਹੈ, ਜਿਹੜੀ ਸਰਕਾਰੀ ਮਹਿਕਮਿਆਂ ਦੀ ਮਿਲੀਭੁਗਤ ਦੇ ਬਿਨਾ ਸੰਭਵ ਨਹੀਂ ਹੈ। ਇਸ ਨਾਲ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਇੰਡਸਟਰੀਜ਼ ਵਿਭਾਗ ਤੇ ਸੰਬੰਧਤ ਅਫਸਰਾਂ ਦੀ ਕਾਰਜ਼ੁਗਾਰੀ 'ਤੇ ਸਵਾਲੀਆ ਨਿਸ਼ਾਨ ਲੱਗ ਗਏ ਹਨ। ਇਲਾਕੇ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਇੰਸਾਪੁਰ ਪਿੰਡ ਦੇ ਲੋਕਾਂ ਦਾ ਅੱਠ ਸਾਲ ਦਾ ਸੰਘਰਸ਼ ਨਿਬੇੜੇ ਵਾਲਾ ਬਣਨ ਲੱਗਾ ਹੈ। ਸਾਲ 2011 ਵਿੱਚ ਕਰਨੈਲ ਸਿੰਘ ਇੰਸਾਪੁਰ ਅਤੇ ਸਾਥੀਆਂ ਨੇ ਹਾਈ ਕੋਰਟ ਵਿੱਚ ਕੇਸ ਕੀਤਾ ਸੀ, ਜਿਸ ਨੂੰ ਦੋ ਸਾਲ ਬਾਅਦ ਹਾਈ ਕੋਰਟ ਨੇ ਐਨ ਜੀ ਟੀ ਨੂੰ ਸੌਂਪ ਦਿੱਤਾ ਸੀ ਅਤੇ ਤਾਜ਼ਾ ਕਾਰਵਾਈ ਉਸ ਕੇਸ ਦੀ ਲੰਮੀ ਪੈਰਵੀ ਦਾ ਸਿੱਟਾ ਹੈ।

## ਅਕਾਲ ਤਖਤ ਦੇ ਜਥੇਦਾਰ ਨੂੰ ਡਾਕਟਰੇਟ ਦੀ ਡਿਗਰੀ ਕਰਨ ਲਈ ਵਾਈਵਾ ਦੇਣਾ ਪੈ ਜਾਣੈ

ਅੰਮ੍ਰਿਤਸਰ, 28 ਅਕਤੂਬਰ (ਪੋਸਟ ਬਿਊਰੋ)- ਅਕਾਲ ਤਖਤ ਸਾਹਿਬ ਦੇ ਨਵੇਂ ਬਣੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਪਿਛਲੇ ਦੋ ਸਾਲਾਂ ਤੋਂ ਪ੍ਰਮਾਤਮਾ ਅਤੇ ਅੱਲ੍ਹਾ ਦੇ ਨਾਵਾਂ ਦਾ ਅਧਿਐਨ ਕਰ ਰਹੇ ਹਨ, ਜਿਸ ਲਈ ਉਨ੍ਹਾਂ ਨੇ ਪੀ ਐਚ ਡੀ ਦਾ ਵਿਸ਼ਾ 'ਅਨੈਲਸਿਸ ਆਫ ਗਾਡ ਨੇਮਜ਼' ਚੁਣਿਆ ਹੈ। ਇਸ ਵਿਸ਼ੇ ਦਾ ਫਾਈਨਲ ਥੀਸਿਸ ਪੇਸ਼ ਹੋਣ ਮੌਕੇ ਖੋਜ ਕਰਨ ਵਾਲੇ ਨੂੰ ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ ਜੀ ਸੀ) ਦੇ ਨਿਯਮਾਂ ਅਨੁਸਾਰ ਡਿਗਰੀ ਲੈਣ ਲਈ ਵਾਈਵਾ ਦੇਣ ਵਾਸਤੇ ਬੰਦ ਕਮਰੇ ਵਿੱਚ ਜਾਂ ਖੁੱਲ੍ਹੀ ਮੀਟਿੰਗ ਵਿੱਚ ਕਈ ਸਵਾਲਾਂ ਦੇ ਜਵਾਬ ਦੇਣੇ ਪੈਣਗੇ।

ਸਿੱਖ ਧਰਮ ਦੀ ਪਰੰਪਰਾ ਮੁਤਾਬਕ ਅਕਾਲ ਤਖਤ ਸਾਹਿਬ ਦੇ ਜਥੇਦਾਰ ਕਦੇ ਵੀ ਦੁਨਿਆਵੀ ਅਦਾਲਤਾਂ ਵਿੱਚ ਪੇਸ਼ ਨਹੀਂ ਹੁੰਦੇ। ਦੂਸਰੇ ਪਾਸੇ ਖੋਜ ਦੇ ਬਹੁਤ ਸਾਰੇ ਵਿਦਿਆਰਥੀ ਆਮ ਤੌਰ ਉਤੇ ਸਵਾਲਾਂ ਦੇ ਜਵਾਬ ਵਿੱਚ ਉਲਝਦੇ ਹਨ। ਜੇ ਸਿੱਖਾਂ ਦੇ ਸਭ ਤੋਂ ਪਹਿਲੇ ਤਖਤ ਜਥੇਦਾਰ ਓਥੇ ਇਸ ਮੁੱਦੇ ਉੱਤੇ ਉਲਝ ਜਾਵੇ ਤਾਂ ਤਖਤ ਦੇ ਜਥੇਦਾਰ ਵਜੋਂ ਗਿਆਨੀ ਹਰਪ੍ਰੀਤ ਸਿੰਘ ਆਪਣੀ ਕੌਮ ਸਾਹਮਣੇ ਵੀ ਕਈ ਸਵਾਲਾਂ ਲਈ ਜਵਾਬਦੇਹ ਹੋ ਸਕਦੇ ਹਨ। ਇਸ ਸਮੇਂ ਉਨ੍ਹਾਂ ਦੇ ਗਾਈਡ ਪ੍ਰੋ. ਡਾ. ਮੁਹੰਮਦ ਹਬੀਬ ਉਨ੍ਹਾਂ ਦਾ ਸਹਿਯੋਗ ਕਰ ਸਕਦੇ ਹਨ। ਇਸ ਤੋਂ ਇਲਾਵਾ ਪੂਰਾ ਥੀਸਿਸ ਸਿੰਡੀਕੇਟ ਨੂੰ ਭੇਜਿਆ ਜਾਣਾ ਹੈ, ਜਿਸ ਉੱਤੇ ਸਿੰਡੀਕੇਟ ਵੱਲੋਂ ਸਬੰਧਤ ਵਿਦਿਆਰਥੀ ਨੂੰ ਚੁਣੇ ਵਿਸ਼ੇ ਗਏ ਵਿਸ਼ੇ ਉੱਤੇ ਪੀ ਐਚ ਡੀ ਦੀ ਡਿਗਰੀ ਦੇਣ ਦੀ ਪ੍ਰਵਾਨਗੀ ਦੇਣ ਲਈ ਨੋਟੀਫਿਕੇਸ਼ਨ ਕੀਤਾ ਜਾਂਦਾ ਹੈ। ਇਸ ਪਿੱਛੋਂ ਵਿਦਿਆਰਥੀ ਨੂੰ ਯੂ ਜੀ ਸੀ ਦੇ ਨਿਯਮਾਂ ਅਨੁਸਾਰ ਡਿਗਰੀ ਲੈਣ ਲਈ ਬਾਕੀ ਵਿਦਿਆਰਥੀਆਂ ਵਾਂਗ ਕਾਨਵੋਕੇਸ਼ਨ ਦੇ ਲਈ ਬਣੀ ਲਾਈਨ ਵਿੱਚ ਲੱਗ ਕੇ ਰਿਹਰਸਲ ਕਰਨੀ ਪੈਂਦੀ ਅਤੇ ਨਿਸ਼ਚਿਤ ਸੀਟ 'ਤੇ ਬੈਠਣਾ ਪੈਂਦਾ ਹੈ। ਇਸ ਲਈ ਕਿਸੇ ਵਿਅਕਤੀ ਵਿਸ਼ੇਸ਼ ਲਈ ਕੋਈ ਯੋਗ ਵਿਸ਼ੇਸ਼ ਸਥਾਨ ਨਿਸ਼ਚਿਤ ਕਰਨਾ ਯੂ ਜੀ ਸੀ ਦੇ ਨਿਯਮਾਂ ਤੋਂ ਉਲਟ ਹੈ ਅਤੇ ਯੂ ਜੀ ਸੀ ਦੇ ਨਿਯਮਾਂ ਅਨੁਸਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਸ ਵਿੱਚ ਵਿਸ਼ੇਸ਼ ਰਿਆਇਤ ਨਹੀਂ ਮਿਲ ਸਕਦੀ।

## ਸੱਤ ਮਰਲੇ ਜ਼ਮੀਨ ਬਦਲੇ ਭੈਣ ਦਾ ਕਤਲ ਕਰਨ ਵਾਲਾ ਭਰਾ ਕਾਬੂ

ਹੁਸ਼ਿਆਰਪੁਰ, 28 ਅਕਤੂਬਰ (ਪੋਸਟ ਬਿਊਰੋ)- ਸੱਤ ਮਰਲੇ ਜ਼ਮੀਨ ਪਿੱਛੇ ਭਰਾ ਭੈਣ ਦੇ ਝਗੜੇ ਨੇ ਓਦੋਂ ਖੂਨੀ ਰੂਪ ਲੈ ਲਿਆ, ਜਦੋਂ ਗੁੱਸੇ ਵਿੱਚ ਆਏ ਭਰਾ ਨੇ ਤੇਜ਼ਧਾਰ ਹਥਿਆਰ ਨਾਲ ਭੈਣ ਦਾ ਕਤਲ ਕਰ ਦਿੱਤਾ।



ਥਾਣਾ ਮਾਡਲ ਟਾਊਨ ਦੇ ਐਸ ਐਚ ਓ ਭਰਤ ਮਸੀਹ ਲੱਧੜ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਪਿੰਡ ਪੁਰ ਹੀਰਾਂ ਵਿੱਚ ਇਕ ਔਰਤ ਦਾ ਕਤਲ ਹੋਇਆ ਹੈ, ਜਿਸ ਉਤੇ ਜਦੋਂ ਉਹ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਤਾਂ ਕਮਲਜੀਤ ਪੁੱਤਰ ਜੋਗਿੰਦਰ ਪਾਲ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਭੈਣ ਅਮਰਜੀਤ ਕੌਰ (38) ਆਪਣੇ ਪਤੀ ਰਾਮ ਪਾਲ ਤੇ 10 ਸਾਲਾ ਬੇਟੇ ਨਾਲ ਉਨ੍ਹਾਂ ਦੇ ਘਰ ਰਹਿ ਰਹੀ ਸੀ। ਉਸ ਨੇ ਦੋਸ਼ ਲਗਾਇਆ ਕਿ ਉਸ ਦੀ ਭੈਣ ਆਪਣੇ ਪੇਕੇ ਪਰਵਾਰ ਦੀ ਜੱਦੀ ਸੱਤ ਮਰਲੇ ਜ਼ਮੀਨ ਆਪਣੇ ਨਾਂਅ 'ਤੇ ਕਰਾਉਣਾ ਚਾਹੁੰਦੀ ਸੀ। ਇਸੇ ਗੱਲ ਬਾਰੇ ਉਸ ਦਾ ਭਰਾ ਨਾਲ ਕਈ ਵਾਰ ਝਗੜਾ ਹੋਇਆ ਸੀ। ਕੱਲ੍ਹ ਜਦੋਂ ਉਸ ਦਾ ਭਰਾ ਰੌਸ਼ਨ ਲਾਲ ਉਕਤ ਵਿਵਾਦ ਬਾਰੇ ਆਪਣੀ ਭੈਣ ਨਾਲ ਗੱਲ ਕਰ ਰਿਹਾ ਸੀ ਤਾਂ ਦੋਵਾਂ ਦਾ ਝਗੜਾ ਵਧ ਗਿਆ ਅਤੇ ਰੌਸ਼ਨ ਲਾਲ ਨੇ ਕ੍ਰਿਪਾਨ ਨਾਲ ਅਮਰਜੀਤ ਕੌਰ 'ਤੇ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ। ਐਸ ਐਚ ਓ ਲੱਧੜ ਨੇ ਦੱਸਿਆ ਕਿ ਉਕਤ ਸ਼ਿਕਾਇਤ 'ਤੇ ਦੋਸ਼ੀ ਰੌਸ਼ਨ ਲਾਲ ਉਤੇ ਕਤਲ ਦੇ ਦੋਸ਼ ਵਿੱਚ ਕੇਸ ਦਰਜ ਕਰ ਲਿਆ ਅਤੇ ਰੌਸ਼ਨ ਲਾਲ ਨੂੰ ਗ੍ਰਿਫਤਾਰ ਕਰ ਲਿਆ ਹੈ।

## ਰੇਲ ਹਾਦਸੇ ਦੇ ਦਿਨ ਅੰਮ੍ਰਿਤਸਰ ਤੋਂ ਕੇਂਦਰੀ ਮੰਤਰੀ ਦਾ ਖਿਸਕਣਾ ਛੁਪਾਉਣ ਉੱਤੇ ਕਿੰਤੂ ਉੱਠੇ

ਚੰਡੀਗੜ੍ਹ, 28 ਅਕਤੂਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸੁਨੀਲ ਜਾਖੜ ਨੇ ਕਿਹਾ ਹੈ ਕਿ ਦੁਸਹਿਰੇ ਦੇ ਦਿਨ ਅੰਮ੍ਰਿਤਸਰ ਵਿੱਚ ਵਾਪਰੇ ਰੇਲ ਹਾਦਸੇ ਸਮੇਂ ਸ਼ਹਿਰ ਵਿੱਚ ਮੌਜੂਦ ਪ੍ਰਧਾਨ ਮੰਤਰੀ ਦਫਤਰ ਵਿੱਚ ਰਾਜ ਮੰਤਰੀ ਡਾਕਟਰ ਜਤਿੰ-ਦਰ ਸਿੰਘ ਏਥੇ ਜ਼ਖਮੀਆਂ ਦੀ ਮਦਦ ਕਰਨ ਅੱਗੇ ਕਿਉਂ ਨਹੀਂ ਸੀ ਆਏ, ਜਦ ਕਿ ਅਕਾਲੀ-ਭਾਜਪਾ ਦੀ ਸਮੁੱਚੀ ਸੂਬਾ ਲੀਡਰਸ਼ਿਪ ਉਨ੍ਹਾਂ ਦੇ ਨਾਲ ਸੀ।

ਕੱਲ੍ਹ ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੁਨੀਲ ਜਾਖੜ ਨੇ ਕਿਹਾ ਕਿ ਅਕਾਲੀ-ਭਾਜਪਾ ਆਗੂ ਹਾਦਸੇ 'ਤੇ ਸਿਆਸਤ ਕਰਦੇ ਹੋਏ ਸਿੱਧੂ ਪਰਵਾਰ ਨੂੰ ਲਪੇਟਣ ਲੱਗੇ ਹੋਏ ਹਨ ਤਾਂ ਇਹ ਵੀ ਦੱਸ ਦੇਣ ਕਿ ਕੀ ਉਨ੍ਹਾਂ ਦੀ ਪਾਰਟੀ ਦੇ ਕੇਂਦਰੀ ਮੰਤਰੀ ਇਸ ਸ਼ਹਿਰ ਵਿੱਚ ਹੁੰਦੇ ਹੋਏ ਵੀ ਹਾਦਸੇ ਵਾਲੀ ਥਾਂ ਜਾਂ ਹਸਪਤਾਲਾਂ ਵਿੱਚ ਜ਼ਖਮੀਆਂ ਦੀ ਸਾਰ ਲੈਣ ਕਿਉਂ ਨਾ ਪੁੱਜੇ, ਹਾਲਾਂਕਿ ਉਸੇ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਟਵੀਟ 'ਤੇ ਟਵੀਟ ਕਰ ਸਨ। ਉਨ੍ਹਾਂ ਪ੍ਰਧਾਨ ਮੰਤਰੀ ਦਫਤਰ ਨੂੰ ਵੀ ਵੰਗਾਰਿਆ ਕਿ ਉਹ ਸਪੱਸ਼ਟ ਕਰਨ ਕਿ ਕੇਂਦਰੀ ਮੰਤਰੀ ਰਾਤ ਨੂੰ ਖਾਮੋਸ਼ੀ ਨਾਲ ਸ਼ਹਿਰ ਤੋਂ ਕਿਉਂ ਚਲੇ ਗਏ, ਜਦ ਕਿ ਉਸੇ ਰਾਤ ਰੇਲ ਰਾਜ ਮੰਤਰੀ ਨੂੰ ਦਿੱਲੀ ਤੋਂ ਅੰਮ੍ਰਿਤਸਰ ਭੇਜਿਆ ਗਿਆ ਸੀ। ਜਾਖੜ ਨੇ ਕਿਹਾ ਕਿ ਡਾਕਟਰ ਜਤਿੰਦਰ ਸਿੰਘ ਦਾ ਸ਼ਹਿਰ ਤੋਂ ਖਿਸਕ ਜਾਣਾ ਸ਼ੰਕੇ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੇ ਰਣਜੀਤ ਐਵੇਨਿਊ ਵਿੱਚ ਹੋਏ ਦੁਸਹਿਰੇ ਵਿੱਚ ਕੇਂਦਰੀ ਰਾਜ ਮੰਤਰੀ ਡਾਕਟਰ ਜਤਿੰਦਰ ਸਿੰਘ ਅਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਹਾਜ਼ਰ ਸਨ ਅਤੇ ਕੇਂਦਰੀ ਮੰਤਰੀ ਰਾਤ 10 ਵਜੇ ਤੱਕ ਇਸ ਸ਼ਹਿਰ ਵਿੱਚ ਸਨ। ਉਨ੍ਹਾਂ ਅਕਾਲੀ-ਭਾਜਪਾ ਆਗੂਆਂ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਜਿਹੜੇ ਆਗੂ ਇਸ ਮੁੱਦੇ ਨੂੰ ਹਵਾ ਦੇ ਰਹੇ ਹਨ, ਉਹ ਜਤਿੰਦਰ ਸਿੰਘ ਦੀ ਹਾਜ਼ਰੀ ਕਿਉਂ ਲੁਕੋਈ ਜਾਂਦੇ ਹਨ। ਪੰਜਾਬ ਦੇ ਮੁੱਖ ਮੰਤਰੀ ਦੇ ਤੁਰੰਤ ਅੰਮ੍ਰਿਤਸਰ ਨਾ ਪੁੱਜਣ ਦੀਆਂ ਗੱਲਾਂ ਕਰਨ ਵਾਲਿਆਂ ਦੀ ਨਿਖੇਧੀ ਕਰਦਿਆਂ ਉਨ੍ਹਾਂ ਵਿਰੋਧੀ ਧਿਰ ਦੇ ਆਗੂਆਂ ਤੋਂ ਸਫਾਈ ਮੰਗੀ ਕਿ ਜਦੋਂ ਪੂਰੇ ਪੰਜਾਬ ਭਰ ਵਿੱਚ ਹਾਹ-'ਕਾਰ ਮਚੀ ਹੋਈ ਸੀ ਤਾਂ ਉਨ੍ਹਾਂ ਆਪਣੇ ਕੇਂਦਰੀ ਮੰਤਰੀ ਨੂੰ ਲੁਕਾ ਕੇ

## ਪੱਤਰਕਾਰਾਂ ਦੀ ਸੁਰੱਖਿਆ ਲਈ ਕੌਮੀ ਐਕਟ ਦੀ ਮੰਗ ਵੀ ਉੱਠੀ

ਅੰਮ੍ਰਿਤਸਰ, 28 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਚੰਡੀਗੜ੍ਹ ਜਰਨਲਿ-ਸਟਸ ਯੂਨੀਅਨ ਦੇ ਸਹਿਯੋਗ ਨਾਲ ਇਥੇ ਹੋ ਰਹੀ ਇੰਡੀਅਨ ਜਰਨਲਿਸਟ ਯੂਨੀਅਨ ਦੀ 9ਵੀਂ ਦੋ ਦਿਨਾ ਕਨਵੈਨਸ਼ਨ ਦੇ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੱਤਰਕਾਰਾਂ ਉਤੇ ਹੋ ਰਹੇ ਹਮਲੇ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹਨ ਅਤੇ ਇਨ੍ਹਾਂ ਨੂੰ ਰੋਕਣ ਲਈ ਕੌਮੀ ਪੱਧਰ 'ਤੇ ਸੁਰੱਖਿਆ ਐਕਟ ਬਣਨਾ ਚਾਹੀਦਾ ਹੈ। ਸਿੱਧੂ ਨੇ ਕਿਹਾ ਕਿ ਪ੍ਰੈੱਸ ਲੋਕਤੰਤਰ ਦਾ ਚੌਥਾ ਥੰਮ੍ਹ ਹੈ ਅਤੇ ਇਸ ਨੂੰ ਆਜ਼ਾਦੀ ਨਾਲ ਲਿਖਣ ਅਤੇ ਬੋਲਣ ਦੀ ਖੁੱਲ੍ਹ ਸੰਵਿਧਾਨ ਨੇ ਦਿੱਤੀ ਹੈ, ਪਰ ਮੌਜੂਦਾ ਹਾਕਮਾਂ ਵੱਲੋਂ ਇਸ ਨੂੰ ਘੇਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਅੱਜ ਏਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿੱਚ ਹੋ ਰਹੇ ਸਮਾਗਮ ਨੂੰ ਸੰਬੋਧਨ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਰਾਜਸੀ ਲੋਕਾਂ ਨੂੰ ਜਵਾਬ-ਦੇਹ ਪ੍ਰੈੱਸ ਬਣਾਉਂਦੀ ਹੈ ਅਤੇ ਭ੍ਰਿਸ਼ਟ ਤੇ ਅਪਰਾਧੀ ਬਿਰਤੀ ਵਾਲੇ ਆਗੂਆਂ ਲਈ ਡਰ ਦਾ ਕਾਰਨ ਬਣਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਜ਼ੋਰ 'ਤੇ ਪੱਤਰਕਾਰਾਂ ਨੂੰ ਡਰਾਉਣਾ-ਧਮਕਾਉਣਾ ਕਾਇਰਤਾ ਤੋਂ ਵੱਧ ਕੁਝ ਨਹੀਂ। ਇਸ ਦੌਰਾਨ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਵਿੱਚ ਚੱਲਦੇ ਘਮਸਾਣ ਦਾ ਜ਼ਿਕਰ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਦੇਸ਼ ਵਿੱਚ ਅਜਿਹੇ ਹਾਲਾਤ ਹਨ ਕਿ ਸਭ ਤੋਂ ਵੱਡੀ ਜਾਂਚ ਏਜੰਸੀ ਸੀ ਬੀ ਆਈ ਦੀ ਖ਼ੁਦ ਆਪਣੀ ਜਾਂਚ ਹੋ ਰਹੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਚੁੱਪ ਕਰਕੇ ਵੇਖਦੇ ਰਹੀਏ, ਪ੍ਰੈੱਸ ਨੂੰ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ, ਚਾਹੇ ਇਸ ਲਈ ਕਿੰਨੀ ਵੀ ਵੱਡੀ ਕੁਰਬਾਨੀ ਕਿਉਂ ਨਾ ਦੇਣੀ ਪਵੇ।

## ਦੋ ਟਰੱਕਾਂ ਦੀ ਟੱਕਰ ਕਾਰਨ ਡਰਾਈਵਰ ਜ਼ਿੰਦਾ ਸੜ ਕੇ ਮਰਿਆ

ਫਿਰੋਜ਼ਪੁਰ, 28 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਸਵੇਰੇ ਪਿੰਡ ਲੋਹਗੜ੍ਹ ਨੇੜੇ ਦੋ ਟਰੱਕਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਇਸ ਹਾਦਸੇ ਵਿੱਚ ਝੋਨੇ ਦੀਆਂ ਬੋਰੀਆਂ ਨਾਲ ਭਰੇ ਟਰੱਕ ਨੂੰ ਅਚਾਨਕ ਅੱਗ ਲੱਗ ਗਈ ਤੇ ਇਸ ਵਿੱਚ ਟਰੱਕ ਡਰਾਈਵਰ ਸੁਰਜੀਤ ਸਿੰਘ (35) ਪੁੱਤਰ ਹਦਾਇਤ ਵਾਸੀ ਮਮਦੋਟ ਜ਼ਿੰਦਾ ਸੜ ਗਿਆ। ਉਸ ਦੀ ਮੌਕੇ 'ਤੇ ਮੌਤ ਹੋ ਗਈ। ਦੂਸਰਾ ਟਰੱਕ ਡਰਾਈਵਰ ਬਲਕਾਰ ਸਿੰਘ ਪੁੱਤਰ ਹੰਸਾ ਸਿੰਘ ਵਾਸੀ ਨੌਸ਼ਹਿਰਾ, ਜ਼ਿਲ੍ਹਾ ਗੁਰਦਾਸਪੁਰ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ 'ਚ ਦਾਖਲ ਕਰਾਇਆ ਗਿਆ ਹੈ।

ਥਾਣਾ ਕੁਲਗੜ੍ਹੀ ਦੇ ਐੱਸ ਐੱਚ ਓ ਜਸਵੰਤ ਸਿੰਘ ਭੱਟੀ ਨੇ ਦੱਸਿਆ ਕਿ ਕੱਲ੍ਹ ਸਵੇਰੇ ਝੋਨੇ ਦੀਆਂ ਬੋਰੀਆਂ ਨਾਲ ਲੱਦਿਆ ਟਰੱਕ ਫਿਰੋਜ਼ਪੁਰ ਤੋਂ ਜ਼ੀਰਾ ਜਾ ਰਿਹਾ ਸੀ, ਜਿਸ ਨੂੰ ਡਰਾਈਵਰ ਸੁਰਜੀਤ ਚਲਾ ਰਿਹਾ ਤੇ ਦੂਸਰੇ ਪਾਸਿਓਂ ਇੱਕ ਕਰੈਸ਼ਰ ਵਾਲਾ ਟਰੱਕ ਫਿਰੋਜ਼ਪੁਰ ਆ ਰਿਹਾ ਸੀ। ਉਨ੍ਹਾਂ ਦੱਸਿਆ ਕਿ ਦੋਵਾਂ ਟਰੱਕਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ ਅਤੇ ਝੋਨੇ ਨਾਲ ਲੱਦਿਆ ਟਰੱਕ ਪਲਟ ਕੇ ਉਸ ਨੂੰ ਅੱਗ ਲੱਗ ਗਈ, ਜਿਸ ਦੇ ਕਾਰਨ ਡਰਾਈਵਰ ਸੁਰਜੀਤ ਸੜ ਕੇ ਮਰ ਗਿਆ। ਹਾਦਸੇ ਦਾ ਪਤਾ ਲੱਗਦੇ ਸਾਰ ਪੁਲਸ, ਨਗਰ ਕੌਂਸਲ ਫਿਰੋਜ਼ਪੁਰ ਦੀ ਫਾਇਰ ਬ੍ਰਿਗੇਡ ਤੇ ਐਂਬੂਲੈਂਸ ਘਟਨਾ ਸਥਾਨ 'ਤੇ ਪਹੁੰਚ ਗਈ ਅਤੇ ਅੱਗ ਬੁਝਾ ਕੇ ਐਂਬੂਲੈਂਸ ਰਾਹੀਂ ਜ਼ਖਮੀ ਡਰਾਈਵਰ ਨੂੰ ਹਸਪਤਾਲ ਪਹੁੰਚਾਇਆ ਗਿਆ।

## ਸੁਖਬੀਰ ਬਾਦਲ ਦੀ ਮੀਟਿੰਗ ਤੋਂ ਮਾਝੇ ਦੇ ਟਕਸਾਲੀ ਅਕਾਲੀ ਆਗੂ ਲਾਂਭੇ ਰਹੇ

ਅੰਮ੍ਰਿਤਸਰ, 28 ਅਕਤੂਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਮਾਝੇ ਵਿਚਲੇ ਸੀਨੀਅਰ ਤੇ ਟਕਸਾਲੀ ਆਗੂਆਂ ਵਿਚ ਨਿਰਾਸ਼ਾ ਤੇ ਨਾਰਾਜ਼ਗੀ ਕਾਰਨ ਅੱਜ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਏਥੇ ਆਪਣੀ ਪਾਰਟੀ ਦੀ ਹੰਗਾਮੀ ਮੀਟਿੰਗ ਸੱਦੀ ਸੀ, ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਸਮੇਤ ਸੀਨੀਅਰ ਅਕਾਲੀ ਆਗੂ ਸ਼ਾਮਲ ਹੋਏ, ਪਰ ਮਾਝੇ ਦੇ ਨਾਰਾਜ਼ ਟਕਸਾਲੀ ਅਕਾਲੀ ਆਗੂਆਂ ਨੇ ਇਸ ਮੀਟਿੰਗ ਤੋਂ ਦੂਰੀ ਹੀ ਰੱਖੀ ਹੈ।



ਅੱਜ ਦੀ ਇਸ ਮੀਟਿੰਗ ਪਿੱਛੋਂ ਮੀਡੀਆ ਨਾਲ ਗੱਲਬਾਤ ਦੌਰਾਨ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਰਣਜੀਤ ਸਿੰਘ ਬ੍ਰਹਮਪੁਰਾ ਉਨ੍ਹਾਂ ਦੇ ਪਿਤਾ ਦੀ ਉਮਰ ਦੇ ਆਗੂ ਹੋਣ ਕਰ ਕੇ ਉਹ ਉਨ੍ਹਾਂ ਦਾ ਮਾਣ-ਸਤਿਕਾਰ ਕਰਦੇ ਹਨ ਤੇ ਉਨ੍ਹਾਂ ਨਾਲ ਕੋਈ ਨਾਰਾਜ਼ਗੀ ਨਹੀਂ। ਨਾਰਾਜ਼ ਆਗੂਆਂ ਨੂੰ ਮਨਾਉਣ ਬਾਰੇ ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਦੇ ਬਜ਼ੁਰਗ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਬਜ਼ੁਰਗਾਂ ਨੇ ਪਾਰਟੀ ਤੋਂ ਅਸਤੀਫ਼ਾ ਨਹੀਂ ਦਿੱਤਾ, ਉਹ ਪਾਰਟੀ ਦਾ ਹਿੱਸਾ ਹਨ।

ਵਰਨਣ ਯੋਗ ਹੈ ਕਿ ਬੇਅਦਬੀ ਤੇ ਬਰਗਾੜੀ ਕਾਂਡ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਧਾਨ ਸਭਾ ਵਿਚ ਪੇਸ਼ ਹੋਣ ਤੋਂ ਬਾਅਦ ਅਕਾਲੀ ਦਲ ਵਿਚ ਅੰਦਰੂਨੀ ਸੰਕਟ ਬਣ ਗਿਆ ਅਤੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਤੋਂ ਬਾਅਦ ਰਣਜੀਤ ਸਿੰਘ ਬ੍ਰਹਮਪੁਰਾ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਬ੍ਰਹਮਪੁਰਾ ਦੇ ਅਸਤੀਫ਼ੇ ਤੋਂ ਪਹਿਲਾਂ ਸਾਬਕਾ ਪਾਰਲੀਮੈਂਟ ਮੈਂਬਰ ਡਾ. ਰਤਨ ਸਿੰਘ ਅਜਨਾਲਾ, ਸਾਬਕਾ ਅਕਾਲੀ ਮੰਤਰੀ ਸੇਵਾ ਸਿੰਘ ਸੇਖਵਾਂ, ਸਾਬਕਾ ਵਿਧਾਇਕ ਮਨਮੋਹਨ ਸਿੰਘ ਸਠਿਆਲਾ, ਰਵਿੰਦਰ ਸਿੰਘ ਬ੍ਰਹਮਪੁਰਾ, ਅਮਰਪਾਲ ਸਿੰਘ ਬੋਨੀ ਆਦਿ ਵੀ ਪਾਰਟੀ ਨਾਲ ਨਾਰਾਜ਼ਗੀ ਦਾ ਪ੍ਰਗਟਾਵਾ ਕਰ ਚੁੱਕੇ ਹਨ।

ਅੱਜ ਇਥੇ ਕੀਤੀ ਗਈ ਅਕਾਲੀ ਦਲ ਦੀ ਮੀਟਿੰਗ ਪਿੱਛੋਂ ਸੁਖਬੀਰ ਸਿੰਘ ਬਾਦਲ ਨੇ ਬ੍ਰਹਮਪੁਰਾ ਪੱਖ ਵਾਲੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਬੰਦ ਕਮਰਾ ਮੀਟਿੰਗ ਕੀਤੀ। ਪਤਾ ਲੱਗਾ ਹੈ ਕਿ ਇਨ੍ਹਾਂ ਮੈਂਬਰਾਂ ਨੂੰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਬ੍ਰਹਮਪੁਰਾ ਦੀ ਪਾਰਟੀ ਨਾਲ ਨਾਰਾਜ਼ਗੀ ਮੁਕਾਉਣ ਦਾ ਯਤਨ ਕਰਨ। ਇਨ੍ਹਾਂ ਵਿਚ ਕਮੇਟੀ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲ, ਅਲਵਿੰਦਰਪਾਲ ਸਿੰਘ ਪੱਖੋਕੇ, ਅਮਰੀਕ ਸਿੰਘ ਵਿਛੋਆ ਸ਼ਾਮਲ ਸਨ। ਅਕਾਲੀ ਮੀਟਿੰਗ ਵਿਚ ਪਰਮਿੰਦਰ ਸਿੰਘ ਢੀਂਡਸਾ, ਤੋਤਾ ਸਿੰਘ, ਬੀਬੀ ਜਗੀਰ ਕੌਰ, ਦਲਜੀਤ ਸਿੰਘ ਚੀਮਾ, ਗੁਲਜ਼ਾਰ ਸਿੰਘ ਰਣੀਕੇ ਤੇ ਹੋਰ ਸੀਨੀਅਰ ਆਗੂਆਂ ਸਮੇਤ ਸ਼੍ਰੋਮਣੀ ਕਮੇਟੀ ਮੈਂਬਰ ਹਾਜ਼ਰ ਸਨ।

## ਖਾਲਸਾ ਕਾਲਜ ਦੀ ਵਿਦਿਆਰਥਣ ਨੇ ਕੀਤੀ ਖੁਦਕੁਸ਼ੀ

ਅੰਮ੍ਰਿਤਸਰ, 28 ਅਕਤੂਬਰ (ਪੋਸਟ ਬਿਊਰੋ)- ਖਾਲਸਾ ਕਾਲਜ ਬੀ ਐਸ ਸੀ ਸਾਇੰਸ ਦੀ ਵਿਦਿਆਰਥਣ ਨੇ ਕੱਲ੍ਹ ਦੇਰ ਸ਼ਾਮ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਇਸ ਦਾ ਕਾਰਨ ਇਹ ਸੀ ਕਿ ਲੜਕੀ ਨੇ ਆਪਣੇ ਬੁਆਏਫਰੈਂਡ ਲਈ ਕਰਵਾ ਚੌਥ ਦਾ ਵਰਤ ਰੱਖਿਆ ਸੀ, ਪਰ ਉਸ ਨੇ ਆਉਣ ਤੋਂ ਮਨ੍ਹਾ ਕਰ ਦਿੱਤਾ ਤਾਂ ਲੜਕੀ ਨੇ ਖੁਦ ਨੂੰ ਕਮਰੇ ਵਿੱਚ ਬੰਦ ਕਰ ਕੇ ਫਾਹਾ ਲਾ ਲਿਆ, ਜਿਸ ਨਾਲ ਉਸ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਕਾਦੀਆਂ ਦੀ 22 ਸਾਲਾ ਲੜਕੀ ਖਾਲਸਾ ਕਾਲਜ ਵਿੱਚ ਬੀ ਐਸ ਸੀ ਸਾਇੰਸ ਕਰ ਰਹੀ ਸੀ, ਇਸੇ ਦੌਰਾਨ ਉਸ ਦੀ ਦੋਸਤੀ ਪੱਟੀ ਦੇ ਇੱਕ ਨੌਜਵਾਨ ਨਾਲ ਹੋ ਗਈ ਤੇ ਹੌਲੀ ਹੌਲੀ ਪਿਆਰ ਵਿੱਚ ਬਦਲ ਗਈ। ਇਸੇ ਤਹਿਤ ਸ਼ਨੀਵਾਰ ਨੂੰ ਕਰਵਾ ਚੌਥ ਮੌਕੇ ਲੜਕੀ ਨੇ ਬੁਆਏਫਰੈਂਡ ਦੇ ਨਾਂਅ 'ਤੇ ਵਰਤ ਰੱਖ ਲਿਆ। ਪੂਰਾ ਦਿਨ ਭੁੱਖੀ-ਪਿਆਸੀ ਲੜਕੀ ਆਪਣੇ ਬੁਆਏਫਰੈਂਡ ਦੀ ਉਡੀਕ ਕਰਦੀ ਰਹੀ। ਚੰਨ ਨਿਕਲਣ ਤੱਕ ਲੜਕੀ ਦਾ ਬੁਆਏਫਰੈਂਡ ਨਾ ਆਇਆ ਤਾਂ ਉਹ ਨਿਰਾਸ਼ ਹੋ ਗਈ ਤੇ ਉਸ ਨੇ ਖੁਦ ਨੂੰ ਕਮਰੇ ਵਿੱਚ ਬੰਦ ਕਰ ਲਿਆ। ਥੋੜ੍ਹੀ ਦੇਰ ਬਾਅਦ ਉਸ ਦੀਆਂ ਸਹੇਲੀਆਂ ਨੇ ਦਰਵਾਜ਼ਾ ਖੜਕਾਇਆ, ਪਰ ਉਸ ਨੇ ਨਹੀਂ ਖੋਲ੍ਹਿਆ। ਸ਼ੱਕ ਹੋਣ 'ਤੇ ਸਹੇਲੀਆਂ ਨੇ ਕਾਲਜ ਪ੍ਰਬੰਧਕਾਂ ਨੂੰ ਦੱਸਿਆ, ਜਿਨ੍ਹਾਂ ਨੇ ਪੁਲਸ ਦੀ ਮਦਦ ਨਾਲ ਦਰਵਾਜ਼ਾ ਤੋੜਿਆ ਤਾਂ ਲੜਕੀ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ।

HOMELIFE SILVERCITY
Realty Inc. Brokerage



Kulwinder Chhina
SALES REPRESENTATIVE
647.293.2327
www.Kulwinderchhina.com

Condo Townhouse for sale.




ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਊਨ ਹਾਊਸ

A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities



KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com

Century 21
President Realty Inc. Brokerage*

Looking For a Nest..? Call the Best

PLATINUM MORTGAGES
FOR ALL MORTGAGE NEEDS

QUICK MORTGAGE ARRANGEMENT
2ND MORTGAGE

- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE
Starting from
2.59 % OAC

SPECIAL RATES FOR REFINANCING
Professional & Quality Service Guaranteed





Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

Avro Transport Inc.

Owner Operator/Single Drives
& Team Drivers ਦੀ ਲੋੜ ਹੈ

Toronto to Montreal, Midwest & USA

Brand New Truck's Available

For Owner Operator:- $1.55
*Plates + Insurance + Tolls will be paid by Company

For Drivers:- $0.58 + $0.02
*Safety Bonus
For Team Drivers:- $0.70



ਜਿਆਦਾ ਜਾਣਕਾਰੀ ਲਈ
ਸੰਪਰਕ ਕਰੋ:-
Ph: 416-896-1313

## ਸੱਚਖੰਡ ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਦੇ ਪ੍ਰਧਾਨ ਤਾਰਾ ਸਿੰਘ ਦਾ ਅਸਤੀਫਾ

ਹਜ਼ੂਰ ਸਾਹਿਬ, 28 ਅਕਤੂਬਰ (ਪੋਸਟ ਬਿਊਰੋ)- ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਦੇ ਪ੍ਰਧਾਨ ਵਿਧਾਇਕ ਤਾਰਾ ਸਿੰਘ ਨੇ ਕੱਲ੍ਹ ਪ੍ਰਧਾਨਗੀ ਦੇ ਅਹੁਦੇ ਤੋਂ ਆਪਣਾ ਅਸਤੀਫਾ ਮਹਾਰਾਸ਼ਟਰ ਰਾਜ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਨੂੰ ਅਚਾਨਕ ਹੀ ਸੌਂਪ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਫੜਨਵੀਸ ਨੇ ਤਾਰਾ ਸਿੰਘ ਨੂੰ ਸੱਦਿਆ ਸੀ ਅਤੇ ਮੁਲਾਕਾਤ 'ਚ ਵਿਚਾਰ ਚਰਚਾ ਦੌਰਾਨ ਫੜਨਵੀਸ ਨੇ ਉਨ੍ਹਾਂ ਨੂੰ ਆਪਣੀ ਪ੍ਰਧਾਨਗੀ ਤੋਂ ਅਸਤੀਫਾ ਦੇਣ ਨੂੰ ਕਿਹਾ। ਤਾਰਾ ਸਿੰਘ ਨੇ ਆਪਣਾ ਲਿਖਤੀ ਅਸਤੀਫਾ ਫੜਨਵੀਸ ਨੂੰ ਸੌਂਪ ਦਿੱਤਾ। ਇਸ ਅਸਤੀਫੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ, ਪਰ ਹਜ਼ੂਰ ਸਾਹਿਬ 'ਚ ਉਨ੍ਹਾਂ ਦੇ ਖਿਲਾਫ ਲੱਗੇ ਦੋਸ਼ਾਂ ਕਾਰਨ ਵਧ ਰਹੀ ਬੇਚੈਨੀ ਦੇ ਕਾਰਨ ਉਨ੍ਹਾਂ ਨੂੰ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਹੈ। ਇਹ ਅੰਦਾਜ਼ੇ ਲਾਏ ਜਾ ਰਹੇ ਹਨ ਕਿ ਦਸੰਬਰ ਵਿੱਚ ਗੁਰਦੁਆਰਾ ਬੋਰਡ ਦੇ ਤਿੰਨ ਮੈਂਬਰਾਂ ਦੀ ਚੋਣ ਕਰਵਾਉਣ ਲਈ ਸਰਕਾਰ ਪੱਧਰ 'ਤੇ ਪ੍ਰਕਿਰਿਆ ਜਾਰੀ ਹੈ, ਜਿਸ ਕਾਰਨ ਉਨ੍ਹਾਂ ਨੂੰ ਹਟਾਇਆ ਗਿਆ ਹੈ।

## ਦਿੱਲੀ ਦੇ ਸਾਬਕਾ ਮੁੱਖ ਮੰਤਰੀ ਮਦਨ ਲਾਲ ਖੁਰਾਣਾ ਦਾ ਦਿਹਾਂਤ

ਨਵੀਂ ਦਿੱਲੀ, 28 ਅਕਤੂਬਰ (ਪੋਸਟ ਬਿਊਰੋ)- ਦਿੱਲੀ ਦੇ ਸਾਬਕਾ ਮੁੱਖ ਮੰਤਰੀ ਮਦਨ ਲਾਲ ਖੁਰਾਣਾ ਦਾ ਕੱਲ੍ਹ ਦਿਹਾਂਤ ਹੋ ਗਿਆ। ਉਹ ਲੰਮੇ ਸਮੇਂ ਤੋਂ ਬੀਮਾਰ ਸਨ ਅਤੇ ਦਿੱਲੀ ਦੇ ਸਰ ਗੰਗਾ ਰਾਮ ਹਸਪਤਾਲ 'ਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ। ਮਦਨ ਲਾਲ ਖੁਰਾਣਾ (82) ਨੂੰ ਸਾਲ 2011 ਵਿੱਚ ਬ੍ਰੇਮ ਹੈਮਰੇਜ਼ ਹੋਇਆ ਸੀ, ਜਿਸ ਦੇ ਬਾਅਦ ਤੋਂ ਉਨ੍ਹਾਂ ਦੀ ਸਿਹਤ ਖਰਾਬ ਚੱਲ ਰਹੀ ਸੀ। ਉਨ੍ਹਾਂ ਦੇ ਪੁੱਤਰ ਹਰੀਸ਼ ਖੁਰਾਣਾ ਨੇ ਦੱਸਿਆ ਕਿ ਸ੍ਰੀ ਖੁਰਾਣਾ ਨੇ ਕੀਰਤੀ ਨਗਰ ਸਥਿਤ ਆਪਣੇ ਨਿਵਾਸ਼ ਸਥਾਨ 'ਤੇ ਰਾਤ ਕਰੀਬ 11 ਵਜੇ ਆਖਰੀ ਸਾਹ ਲਿਆ।

ਮਦਨ ਲਾਲ ਖੁਰਾਣਾ ਦਾ ਜਨਮ 15 ਅਕਤੂਬਰ 1936 ਨੂੰ ਲਾਇਲਪੁਰ (ਪਾਕਿਸਤਾਨੀ ਪੰਜਾਬ) ਵਿੱਚ ਹੋਇਆ ਸੀ ਤੇ ਵੰਡ ਤੋਂ ਬਾਅਦ ਉਨ੍ਹਾਂ ਦਾ ਪਰਵਾਰ ਦਿੱਲੀ ਆ ਗਿਆ ਸੀ। 1990 ਦੇ ਦਹਾਕੇ 'ਚ ਖੁਰਾਣਾ ਨੇ ਦਿੱਲੀ ਵਿੱਚ ਭਾਜਪਾ ਨੂੰ ਖੜ੍ਹਾ ਕਰਨ 'ਚ ਮਹੱਤਵ ਪੂਰਨ ਭੂਮਿਕਾ ਨਿਭਾਈ ਸੀ। ਕੇਂਦਰ ਵਿੱਚ ਜਦ ਭਾਜਪਾ ਦੀ ਅਗਵਾਈ ਹੇਠ ਪਹਿਲੀ ਸਰਕਾਰ ਬਣੀ ਤਾਂ ਮਦਨ ਲਾਲ ਖੁਰਾਣਾ ਕੇਂਦਰੀ ਮੰਤਰੀ ਬਣੇ। ਉਹ 1993 ਤੋਂ 1996 ਤੱਕ ਦਿੱਲੀ ਦੇ ਮੁੱਖ ਮੰਤਰੀ ਵੀ ਰਹੇ ਅਤੇ 2004 ਵਿੱਚ ਉਨ੍ਹਾਂ ਨੂੰ ਰਾਜਸਥਾਨ ਦਾ ਗਵਰਨਰ ਬਣਾਇਆ ਗਿਆ।

## ਭਾਜਪਾ ਪ੍ਰਧਾਨ ਅਮਿਤ ਸ਼ਾਹ ਵੱਲੋਂ ਅਯੱਪਾ ਮੰਦਰ ਵਿੱਚ ਔਰਤਾਂ ਨੂੰ ਰੋਕਣ ਵਾਲਿਆਂ ਦੀ ਹਮਾਇਤ

### * ਅਦਾਲਤਾਂ ਨੂੰ ਕਿਹਾ: ਲਾਗੂ ਕੀਤੇ ਜਾਣ ਵਾਲੇ ਫੈਸਲੇ ਕਰੋ

ਤਿਰੂਵਨੰਤਪੁਰਮ, 28 ਅਕਤੂਬਰ, (ਪੋਸਟ ਬਿਊਰੋ)- ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਅਯੱਪਾ ਮੰਦਰ ਦੇ ਸ਼ਰਧਾਲੂਆਂ ਵੱਲੋਂ ਸੀ ਪੀ ਆਈ (ਐੱਮ) ਦੀ ਅਗਵਾਈ ਵਾਲੀ ਖੱਬਾ ਮੋਰਚਾ ਸਰਕਾਰ ਦੇ ਖ਼ਿਲਾਫ਼ ਸੰਘਰਸ਼ ਦਾ ਪੱਖ ਲਿਆ ਹੈ, ਜਦ ਕਿ ਕੇਰਲ ਸਰਕਾਰ ਸ਼ਬਰੀਮਾਲਾ ਮੰਦਰ ਵਿਚ ਔਰਤਾਂ ਦੇ ਦਾਖ਼ਲੇ ਨੂੰ ਯਕੀਨੀ ਲਾਗੂ ਲਈ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਯਕੀਨੀ ਕਰਨ ਦੇ ਸਾਰੇ ਯਤਨ ਕਰਦੀ ਪਈ ਹੈ। ਅੱਜ ਏਥੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਕਿ ਸੂਬਾ ਸਰਕਾਰ ਨੇ ਕੇਰਲ ਵਿਚ ਹੰਗਾਮੀ ਹਾਲਤ ਪੈਦਾ ਕਰ ਰੱਖੀ ਹੈ ਤੇ ਉਹ ਅੱਗ ਨਾਲ ਖੇਡ ਰਹੀ ਹੈ।



ਕੰਨੂਰ ਵਿਚ ਭਾਜਪਾ ਦੇ ਜ਼ਿਲ੍ਹਾ ਪੱਧਰੀ ਦਫ਼ਤਰ ਦਾ ਉਦਘਾਟਨ ਕਰਨ ਮੌਕੇ ਸ਼ਾਹ ਨੇ ਕਿਹਾ ਕਿ ਕੇਰਲ ਸਰਕਾਰ ਮੰਦਰਾਂ ਦੇ ਖ਼ਿਲਾਫ਼ ਸਾਜ਼ਿਸ਼ਾਂ ਘੜ ਰਹੀ ਹੈ। ਜਲੀਕੱਟੂ ਦੀ ਖੇਡ ਅਤੇ ਮਸਜਿਦਾਂ ਵਿਚ ਲਾਊਡ ਸਪੀਕਰਾਂ ਦੀ ਪਾਬੰਦੀ ਬਾਰੇ ਆਏ ਅਦਾਲਤੀ ਫ਼ੈਸਲਿਆਂ ਦਾ ਜ਼ਿਕਰ ਕਰਦਿਆਂ ਸ਼ਾਹ ਨੇ ਕਿਹਾ ਕਿ ਅਦਾਲਤਾਂ ਗ਼ੈਰ-ਵਿਹਾਰਕ ਫ਼ੈਸਲੇ ਲੈਣ ਦੀ ਬਜਾਏ ਅਜਿਹੇ ਫ਼ੈਸਲੇ ਲੈਣ, ਜੋ ਲਾਗੂ ਕੀਤੇ ਜਾ ਸਕਣ।

ਇਸ ਦੌਰਾਨ ਅਮਿਤ ਸ਼ਾਹ ਉੱਤੇ ਜਵਾਬੀ ਹੱਲਾ ਬੋਲਦੇ ਹੋਏ ਕੇਰਲਾ ਦੇ ਮੁੱਖ ਮੰਤਰੀ ਪੀ. ਵਿਜਯਨ ਨੇ ਕਿਹਾ ਕਿ ਰਾਜ ਸਰਕਾਰ ਭਾਜਪਾ ਉੱਤੇ ਨਿਰਭਰ ਨਹੀਂ ਕਰਦੀ, ਇਹ ਲੋਕਾਂ ਵਲੋਂ ਚੁਣੀ ਹੋਈ ਸਰਕਾਰ ਹੈ। ਵਿਜਯਨ ਨੇ ਕਿਹਾ ਕਿ ਅਮਿਤ ਸ਼ਾਹ ਇਸ ਰਾਜ ਤੋਂ ਵੱਧ ਸੁਪਰੀਮ ਕੋਰਟ ਅਤੇ ਸੰਵਿਧਾਨ ਦੀ ਆਲੋਚਨਾ ਕਰ ਰਹੇ ਹਨ।

## ਦਿੱਲੀ ਗੁਰਦੁਆਰਾ ਕਮੇਟੀ ਪ੍ਰਸ਼ਾਦ ਦੇ ਨਾਲ 'ਐਜੂਕੇਸ਼ਨ ਲੰਗਰ' ਵੀ ਲਾਉਣ ਲੱਗੀ

ਨਵੀਂ ਦਿੱਲੀ, 28 ਅਕਤੂਬਰ, (ਪੋਸਟ ਬਿਊਰੋ)- ਗੁਰਦੁਆਰਿਆਂ ਵਿਚ ਹਰ ਕਿਸੇ ਨੂੰ ਹਰ ਸਮੇਂ ਮਿਲਦੇ ਕੜਾਹ ਪ੍ਰਸ਼ਾਦ ਤੇ ਲੰਗਰ ਦੇ ਮਹੱਤਵ ਬਾਰੇ ਸ਼ਾਇਦ ਸਾਰੇ ਜਾਣਦੇ ਹਨ, ਪਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਜੂਕੇਸ਼ਨ ਲੰਗਰ ਵੀ ਲਾਉਣ ਲੱਗੀ ਹੈ, ਜਿਸ ਵਿਚ ਨੌਜਵਾਨਾਂ ਨੂੰ ਰੋਜ਼ਗਾਰ ਦੇ ਸਾਰੇ ਸਾਧਨਾਂ ਦੀ ਜਾਣਕਾਰੀ ਦਿੱਤੀ ਜਾਵੇਗੀ। ਦਿੱਲੀ ਕਮੇਟੀ ਰਾਜਧਾਨੀ ਦਿੱਲੀ ਦੇ ਇਤਿਹਾਸਕ ਗੁਰਦੁਆਰਾ ਰਕਾਬ ਗੰਜ ਸਾਹਿਬ ਕੰਪਲੈਕਸ ਵਿਚ 2 ਅਤੇ 3 ਨਵੰਬਰ ਨੂੰ ਐਜੂਕੇਸ਼ਨ ਲੰਗਰ ਵਜੋਂ ਕਰੀਅਰ ਮੇਲਾ 2018 ਲਾਵੇਗੀ। ਇਸ ਵਿਚ ਮਾਹਰਾਂ ਵਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਰਿਵਾਇਤੀ ਸਾਧਨਾਂ ਦੇ ਨਾਲ ਡਿਜ਼ੀਟਲ ਮਾਰਕੀਟਿੰਗ, ਡਾਟਾ ਵਿਸ਼ਲੇਸ਼ਣ, ਸੂਚਨਾ ਤਕਨਾਲੋਜੀ, ਬੈਂਕਿੰਗ, ਵਿੱਤੀ ਅਤੇ ਕਾਰੋਬਾਰ ਦੇ ਆਧੁਨਿਕ ਸਾਧਨਾਂ ਦੀ ਹਰ ਕਿਸਮ ਦੀ ਜਾਣਕਾਰੀ ਦਿੱਤੀ ਜਾਵੇਗੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਦੱਸਿਆ ਕਿ ਰਾਜਧਾਨੀ ਦੇ ਸਿੱਖ ਨੌਜਵਾਨਾਂ ਵਾਸਤੇ ਲਾਏ ਜਾ ਰਹੇ ਇਸ ਸਭ ਤੋਂ ਵੱਡੇ ਸਾਲਾਨਾ ਕਰੀਅਰ ਮੇਲੇ ਵਿਚ ਯੂ ਐੱਸ ਐਜੂਕੇਸ਼ਨ, ਫਰੈਂਚ ਦੂਤਘਰ, ਬ੍ਰਿਟਿਸ਼ ਕੌਂਸਲ, ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ, ਭਾਰਤੀ ਸਟੇਟ ਬੈਂਕ, ਐਕਸਿਸ ਬੈਂਕ ਅਤੇ ਘੱਟ ਗਿਣਤੀ ਮੰਤਰਾਲੇ ਦੇ ਨਾਲ ਕਰੀਬ 100 ਰਾਸ਼ਟਰੀ ਅਤੇ ਕੌਮਾਂਤਰੀ ਯੂਨੀਵਰਸਿਟੀਆਂ ਅਤੇ



ਸੰਸਥਾਵਾਂ ਹਿੱਸਾ ਲੈਣਗੀਆਂ। ਉਨ੍ਹਾਂ ਨੇ ਦੱਸਿਆ ਕਿ ਪਿਛਲੇ ਸਾਲ ਇਸ ਮੇਲੇ ਵਿਚ 85 ਯੂਨੀਵਰਸਿਟੀਆਂ ਨੇ 12,000 ਨੌਜਵਾਨਾਂ ਨੂੰ ਰੋਜ਼ਗਾਰ ਨਾਲ ਸਿੱਖਿਆ ਤੇ ਭਵਿੱਖ ਵਿੱਚ ਰੋਜ਼ਗਾਰ ਦੇ ਮੌਕਿਆਂ ਦੀ ਜਾਣਕਾਰੀ ਦਿੱਤੀ ਸੀ। ਹਰ ਸਾਲ ਕੀਤਾ ਜਾਣ ਵਾਲਾ ਇਹ 7ਵਾਂ ਮੇਲਾ ਹੋਵੇਗਾ। ਇਸ ਵਾਰ ਮੇਲੇ ਵਿਚ ਦਿੱਲੀ ਅਤੇ ਉਸ ਦੇ ਆਲੇ-ਦੁਆਲੇ ਦੇ 20,000 ਨੌਜਵਾਨਾਂ ਦੇ ਹਿੱਸਾ ਲੈਣ ਦੀ ਉਮੀਦ ਹੈ। ਇਸ ਦੌਰਾਨ ਦਿੱਲੀ ਯੂਨੀਵਰਸਿਟੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਰੋਜ਼ਗਾਰ ਮਾਹਰ ਇੱਥੇ ਆਏ ਹੋਏ ਨੌਜਵਾਨਾਂ ਨੂੰ ਉਨ੍ਹਾਂ ਦੇ ਬਿਹਤਰ ਭਵਿੱਖ ਅਤੇ ਰੋਜ਼ਗਾਰ ਬਾਰੇ ਸਲਾਹ ਦੇਣਗੇ। ਕਮੇਟੀ ਦੀ ਸੂਚਨਾ ਮੁਤਾਬਕ ਇਸ ਵਿਚ ਮਨੁੱਖੀ ਵਸੀਲੇ ਮੰਤਰਾਲੇ, ਵਣਜ ਮੰਤਰਾਲੇ, ਘੱਟ ਗਿਣਤੀ ਮੰਤਰਾਲੇ ਸਮੇਤ ਵੱਖ-ਵੱਖ ਸੰਸਥਾਵਾਂ ਦੇ ਸਟਾਲ ਅਤੇ ਪ੍ਰਦਰਸ਼ਨੀਆਂ ਲਾਈਆਂ ਜਾਣਗੀਆਂ, ਜੋ ਇੱਥੇ ਆਉਣ ਵਾਲੇ ਨੌਜਵਾਨਾਂ ਨੂੰ ਸਿੱਖਿਆ ਅਤੇ ਰੋਜ਼ਗਾਰ ਦੇ ਨਾਲ ਹੀ ਕਰਜ਼ ਸਬੰਧੀ ਵਿਸ਼ਿਆਂ ਉੱਤੇ ਵੀ ਵਿਆਪਕ ਜਾਣਕਾਰੀ ਦੇਣਗੀਆਂ ਅਤੇ ਹਰ ਤਰ੍ਹਾਂ ਮਦਦ ਕਰਨਗੀਆਂ।

## ਏਅਰ ਇੰਡੀਆ ਛੇਤੀ ਹੀ ਰੈੱਡ ਆਈ ਫਲਾਈਟ ਸ਼ੁਰੂ ਕਰੇਗੀ

ਮੁੰਬਈ, 28 ਅਕਤੂਬਰ (ਪੋਸਟ ਬਿਊਰੋ)- ਸਰਕਾਰੀ ਏਅਰਲਾਈਨ ਏਅਰ ਇੰਡੀਆ ਨੇ ਦੇਸ਼ ਦੇ ਕੁਝ ਰੂਟਾਂ ਉੱਤੇ ਦੇਰ ਰਾਤ ਦੀ ਫਲਾਈਟ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਤਰ੍ਹਾਂ ਦੀ ਰੈੱਡ ਆਈ ਫਲਾਈਟ ਦੀ ਸ਼ੁਰੂਆਤ ਦਿੱਲੀ-ਗੋਆ ਦੀ ਉਡਾਣ ਨਾਲ ਅਗਲੇ ਮਹੀਨੇ ਦੇ ਅੰਤ ਤੱਕ ਹੋਵੇਗੀ।

ਮਿਲੀ ਜਾਣਕਾਰੀ ਅਨੁਸਾਰ ਆਮ ਤੌਰ ਉਤੇ ਰੈੱਡ ਆਈ ਫਲਾਈਟ ਦੇਰ ਰਾਤ ਰਵਾਨਾ ਹੁੰਦੀ ਅਤੇ ਅਗਲੀ ਸਵੇਰੇ ਪੁੱਜਦੀ ਹੈ। ਰਾਤ ਦੀਆਂ ਉਡਾਣਾਂ ਦਾ ਕਿਰਾਇਆ ਆਮ ਤੋਂ ਘੱਟ ਹੁੰਦਾ ਹੈ। ਵਿਦੇਸ਼ਾਂ 'ਚ ਖਾਸ ਕਰ ਕੇ ਅਮਰੀਕਾ ਤੇ ਯੂਰਪ ਵਿੱਚ ਇਹ ਫਲਾਈਟ ਕਾਫੀ ਪਾਪੂਲਰ ਹਨ। ਏਅਰ ਇੰਡੀਆ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਉਸ ਦੀ ਰੈੱਡ ਆਈ ਫਲਾਈਟ ਦਾ ਕਿਰਾਇਆ ਆਮ ਨਾਲੋਂ ਘੱਟ ਹੋਵੇਗਾ। ਇਹ ਫਲਾਈਟ ਦਿੱਲੀ-ਗੋਆ, ਦਿੱਲੀ-ਕੋਇੰਬਟੂਰ ਅਤੇ ਬੰਗਲੌਰ-ਅਹਿਮਦਾਬਾਦ ਵਰਗੇ ਰੂਟਾਂ ਉੱਤੇ 30 ਨਵੰਬਰ ਨੂੰ ਸ਼ੁਰੂ ਹੋਵੇਗੀ ਅਤੇ ਰੋਜ਼ਾਨਾ ਚੱਲੇਗੀ। ਦੇਰ ਰਾਤ ਦੀ ਰੈੱਡ ਆਈ ਫਲਾਈਟ ਹੋਣ ਦੇ ਕੋਈ ਕਾਰਨ ਹਨ। ਸਭ ਤੋਂ ਪਹਿਲਾਂ ਇਨ੍ਹਾਂ ਦਾ ਕਿਰਾਇਆ ਕਾਫੀ ਘੱਟ ਹੁੰਦਾ ਹੈ, ਦੂਸਰਾ ਯਾਤਰੀ ਨੂੰ ਸ਼ਹਿਰ ਦੇ ਟਰੈਫਿਕ ਨਾਲ ਤੰਗ ਨਹੀਂ ਹੋਣਾ ਪੈਂਦਾ ਤੇ ਤੀਸਰਾ ਹੋਟਲ ਰੂਮ ਦਾ ਖਰਚ ਬਚ ਜਾਂਦਾ ਹੈ।

## ਨਕਸਲੀਆਂ ਵੱਲੋਂ ਕੀਤੇ ਧਮਾਕੇ ਵਿੱਚ ਸੀ ਆਰ ਪੀ ਦੇ ਚਾਰ ਜਵਾਨ ਮਾਰੇ ਗਏ

ਰਾਏਪੁਰ, 28 ਅਕਤੂਬਰ (ਪੋਸਟ ਬਿਊਰੋ)- ਛੱਤੀਸਗੜ੍ਹ ਵਿੱਚ ਕੇਂਦਰੀ ਰਿਜ਼ਰਵ ਪੁਲਸ (ਸੀ ਆਰ ਪੀ ਐੱਫ) ਦੇ ਚਾਰ ਜਵਾਨ ਉਦੋਂ ਮਾਰੇ ਗਏ, ਜਦੋਂ ਨਕਸਲੀਆਂ ਨੇ ਉਨ੍ਹਾਂ ਦੀ ਗੱਡੀ ਬਾਰੂਦੀ ਸੁਰੰਗ ਧਮਾਕੇ ਵਿੱਚ ਉਡਾ ਦਿੱਤੀ।

ਬੀਜਾਪੁਰ ਦੇ ਐੱਸ ਪੀ ਮੋਹਿਤ ਗਰਗ ਨੇ ਦੱਸਿਆ ਕਿ ਇਸ ਜ਼ਿਲ੍ਹੇ ਵਿੱਚ ਅਵਾਪਲੀ ਪੁਲਸ ਸਟੇਸ਼ਨ ਹੇਠ ਮੁਰਦਾਂਦਾ ਨੇੜੇ ਓਦੋਂ ਧਮਾਕਾ ਹੋਇਆ ਜਦੋਂ ਕੇਂਦਰੀ ਪੁਲਸ ਦੇ ਛੇ ਜਵਾਨ ਗਸ਼ਤ ਉਤੇ ਨਿਕਲੇ ਅਤੇ ਉਨ੍ਹਾਂ ਦਾ ਮਾਈਨ ਪ੍ਰੋਟੈਕਟਿਡ ਵਹੀਕਲ (ਐੱਮ ਪੀ ਵੀ) ਬਾਰੂਦੀ ਸੁਰੰਗ ਨਾਲ ਕੀਤੇ ਧਮਾਕੇ ਵਿੱਚ ਉਡਾ ਦਿੱਤਾ ਗਿਆ। ਇਹ ਧਮਾਕਾ ਰੱਖਿਆ ਫੋਰਸ ਦੇ ਕੈਂਪ ਤੋਂ ਇੱਕ ਕਿਲੋਮੀਟਰ ਦੂਰ ਸ਼ਾਮ ਵੇਲੇ ਹੋਇਆ, ਜਿਸ ਵਿੱਚ ਚਾਰ ਜਵਾਨ ਮਾਰੇ ਗਏ ਤੇ ਦੋ ਜ਼ਖਮੀ ਹੋਏ ਹਨ। ਇਹ ਨਕਸਲੀ ਹਮਲਾ ਉਦੋਂ ਹੋਇਆ ਹੈ, ਜਦੋਂ ਸੂਬੇ ਦੇ ਮੁੱਖ ਮੰਤਰੀ ਰਮਨ ਸਿੰਘ ਨੇ 12 ਨਵੰਬਰ ਨੂੰ ਪਹਿਲੇ



ਗੇੜ ਦੀਆਂ ਵਿਧਾਨ ਸਭਾ ਚੋਣਾਂ ਲਈ ਆਪਣੀ ਪ੍ਰਚਾਰ ਮੁਹਿੰਮ ਨੇੜਲੇ ਜ਼ਿਲ੍ਹੇ ਸੁਕਮਾ ਤੋਂ ਸ਼ੁਰੂ ਕੀਤੀ ਹੈ। ਸੂਬੇ ਦੇ ਪਹਿਲੇ ਗੇੜ ਦੀਆਂ ਚੋਣਾਂ ਨਕਸਲ ਪ੍ਰਭਾਵਤ ਅੱਠ ਜ਼ਿਲ੍ਹਿਆਂ ਬਸਤਰ, ਕਾਂਕੇਰ, ਸੁਕਮਾ, ਬੀਜਾਪੁਰ, ਦਾਂਤੇਵਾੜਾ, ਨਾਰਾਇਣਪੁਰ, ਕੋਂਡਾਗਾਓਂ ਅਤੇ ਰਾਜਨੰਦਗਾਓਂ ਵਿੱਚ ਪੈਂਦੀਆਂ 18 ਵਿਧਾਨ ਸਭਾ ਸੀਟਾਂ ਦੇ ਲਈ ਹੋਣੀਆਂ ਹਨ। ਨਕਸਲੀਆਂ ਨੇ ਬਸਤਰ ਜ਼ਿਲ੍ਹੇ ਵਿੱਚ ਪੋਸਟਰ ਲਾ ਕੇ ਲੋਕਾਂ ਨੂੰ ਚੋਣਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਹੈ।

## ਬਿਹਾਰ ਲੋਕ ਸਭਾ ਸੀਟਾਂ ਉਤੇ ਐੱਨ ਡੀ ਏ ਗੱਠਜੋੜ ਵਿੱਚ ਘਮਸਾਨ ਮੱਚਿਆ

ਪਟਨਾ, 28 ਅਕਤੂਬਰ, (ਪੋਸਟ ਬਿਊਰੋ)- ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਮੌਕੇ ਬਿਹਾਰ ਦਾ ਦ੍ਰਿਸ਼ ਰੋਮਾਂਚਕ ਹੋਣ ਜਾ ਰਿਹਾ ਹੈ। ਚੋਣਾਂ ਵਿੱਚ ਜਦੋਂ ਕੁਝ ਮਹੀਨੇ ਬਾਕੀ ਹਨ ਤਾਂ ਦੋਵਾਂ ਗਠਜੋੜਾਂ 'ਚ ਸੀਟਾਂ ਦਾ ਘਮਸਾਨ ਪੈ ਗਿਆ ਹੈ। ਇਸ ਸ਼ੁੱਕਰਵਾਰ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਅਤੇ ਜਨਤਾ ਦਲ ਯੂਨਾਈਟਿਡ ਦੇ ਪ੍ਰਧਾਨ ਨੀਤੀਸ਼ ਕੁਮਾਰ ਨੇ ਐਲਾਨ ਕੀਤਾ ਕਿ ਦੋਵੇਂ ਪਾਰਟੀਆਂ ਬਰਾਬਰ-ਬਰਾਬਰ ਸੀਟਾਂ ਉੱਤੇ ਚੋਣ ਲੜਨਗੀਆਂ, ਪਰ ਹੋਰ ਸਾਥੀ ਦਲਾਂ ਨੂੰ ਕਿੰਨੀਆਂ ਸੀਟਾਂ ਛੱਡੀਆਂ ਜਾਣਗੀਆਂ, ਇਸ ਦਾ ਜ਼ਿਕਰ ਇਸ ਸਮਝੌਤੇ ਵਿੱਚ ਨਹੀਂ ਕੀਤਾ ਗਿਆ।

ਇਨ੍ਹਾਂ ਦੋ ਪਾਰਟੀਆਂ ਦਾ ਸਮਝੌਤਾ ਹੁੰਦੇ ਸਾਰ ਇਹ ਪ੍ਰਭਾਵ ਬਣਿਆ ਹੈ ਕਿ ਜਨਤਾ ਦਲ ਯੂ ਨੂੰ ਵੱਧ ਸੀਟਾਂ ਦੇਣ ਦੇ ਚੱਕਰ ਵਿੱਚ ਰਾਮ ਵਿਲਾਸ ਪਾਸਵਾਨ ਵਾਲੀ ਲੋਕ ਜਨਸ਼ਕਤੀ ਪਾਰਟੀ ਅਤੇ ਉਪੇਂਦਰ ਕੁਸ਼ਵਾਹਾ ਦੀ ਰਾਸ਼ਟਰੀ ਲੋਕ ਸਮਤਾ ਪਾਰਟੀ ਦੀਆਂ ਸੀਟਾਂ ਵਿੱਚ ਕੱਟ ਲੱਗ ਗਿਆ ਹੈ, ਜਿਸ ਨਾਲ ਦੋਵੇਂ ਨਾਰਾਜ਼ ਹੋ ਗਈਆਂ। ਪਤਾ ਲੱਗਾ ਹੈ ਕਿ ਬਿਹਾਰ ਦੀਆਂ 40 ਲੋਕ ਸਭਾ ਸੀਟਾਂ ਲਈ ਭਾਜਪਾ ਅਤੇ ਜਨਤਾ ਦਲ ਯੂ ਨੂੰ 17-17 ਸੀਟਾਂ ਦੇ ਕੇ ਲੋਕ ਜਨਸ਼ਕਤੀ ਪਾਰਟੀ ਨੂੰ 5 ਸੀਟਾਂ ਤੇ ਰਾਸ਼ਟਰੀ ਲੋਕ ਸਮਤਾ ਪਾਰਟੀ ਨੂੰ ਇੱਕੋ ਸੀਟ ਦੇਣ ਦੀ ਗੱਲ ਚੱਲੀ ਹੈ। ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਲੋਕ ਜਨ ਸ਼ਕਤੀ ਪਾਰਟੀ ਨੂੰ 7 ਅਤੇ ਰਾਸ਼ਟਰੀ ਲੋਕ ਸਮਤਾ ਪਾਰਟੀ ਨੂੰ 4 ਸੀਟਾਂ ਮਿਲੀਆਂ ਸਨ। ਓਦੋਂ ਭਾਜਪਾ ਤੇ ਜਨਤਾ ਦਲ ਯੂ ਵਿਚਾਲੇ ਮਤਭੇਦ ਹੋਣ ਕਾਰਨ ਜਨਤਾ ਦਲ ਯੂ ਨੇ 17 ਸਾਲਾਂ ਤੋਂ ਚੱਲਦਾ ਗਠਜੋੜ ਤੋੜ ਦਿੱਤਾ ਸੀ, ਇਸ ਦਾ ਨੁਕਸਾਨ ਜਨਤਾ ਦਲ ਯੂ ਨੂੰ ਚੋਣ ਵਿੱਚ ਭੁਗਤਣਾ ਪਿਆ ਸੀ। ਜਨਤਾ ਦਲ ਯੂ ਨੇ ਸਿਰਫ 2 ਸੀਟਾਂ ਜਿੱਤੀਆਂ ਸਨ।

ਇਸ ਤੋਂ ਬਾਅਦ 2015 ਵਿਧਾਨ ਸਭਾ ਚੋਣ 'ਚ ਨੀਤੀਸ਼ ਕੁਮਾਰ ਨੇ ਰਾਸ਼ਟਰੀ ਜਨਤਾ ਦਲ ਤੇ ਕਾਂਗਰਸ ਨਾਲ ਗਠਜੋੜ ਕੀਤਾ ਤੇ ਮੁੱਖ ਮੰਤਰੀ ਬਣੇ, ਪਰ ਉਨ੍ਹਾਂ ਨੂੰ ਇਹ ਗਠਜੋੜ ਰਾਸ ਨਹੀਂ ਆਇਆ ਤੇ 2017 ਵਿੱਚ ਉਹ ਮੁੜ ਐੱਨ ਡੀ ਏ ਨਾਲ ਜਾ ਜੁੜੇ ਸਨ। ਸਾਲ 2014 ਦੀ ਚੋਣ ਵਿੱਚ ਸਿਰਫ 2 ਸੀਟ ਜਿੱਤਣ ਵਾਲੇ ਅਤੇ 2015 'ਚ ਸਾਥ ਛੱਡ ਦੇਣ ਵਾਲੇ ਜਨਤਾ ਦਲ ਯੂ ਉੱਤੇ ਭਾਜਪਾ ਦੀ ਮਿਹਰਬਾਨੀ ਦੂਸਰੀਆਂ ਦੋਵਾਂ ਭਾਈਵਾਲ ਪਾਰਟੀਆਂ ਨੂੰ ਪਸੰਦ ਨਹੀਂ ਸੀ। ਓਧਰ ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਦੇ ਬੇਟੇ ਅਤੇ ਬਿਹਾਰ ਵਿਧਾਨ ਸਭਾ ਵਿੱਚ ਵਿਰੋਧੀ ਨੇਤਾ ਤੇਜਸਵੀ ਯਾਦਵ ਇਨ੍ਹਾਂ ਦੋਵਾਂ ਪਾਰਟੀਆਂ ਨੂੰ ਆਪਣੇ ਨਾਲ ਮਿਲਾਉਣ ਦੀ ਕੋਸ਼ਿਸ਼ ਕਰਨ ਲੱਗੇ ਹਨ। ਸ਼ੁੱਕਰਵਾਰ ਨੂੰ ਲੋਕ ਜਨਸ਼ਕਤੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਚਿਰਾਗ ਪਾਸਵਾਨ ਨੇ ਵੀ ਤੇਜਸਵੀ ਯਾਦਵ ਨਾਲ ਫੋਨ ਉਤੇ ਗੱਲ ਕੀਤੀ ਅਤੇ ਉਪੇਂਦਰ ਕੁਸ਼ਵਾਹਾ ਦੀ ਤੇਜਸਵੀ ਯਾਦਵ ਨਾਲ ਮੁਲਾਕਾਤ ਕਰਨ ਦੀ ਖਬਰ ਵੀ ਆਈ।

ਇਹ ਹੀ ਨਹੀਂ, ਤੇਜਸਵੀ ਯਾਦਵ ਦੇ ਆਪਣੇ ਮਹਾਗਠਜੋੜ ਵਿੱਚ ਵੀ ਸੀਟਾਂ ਦੀ ਵੰਡ ਤੋਂ ਰੌਲਾ ਪਿਆ ਹੋਇਆ ਹੈ। ਅਗਲੇ ਸਾਲ ਦੀਆਂ ਚੋਣਾਂ ਲਈ ਕਾਂਗਰਸ, ਰਾਸ਼ਟਰੀ ਜਨਤਾ ਦਲ, ਐੱਨ ਸੀ ਪੀ, ਸਮਾਜਵਾਦੀ ਪਾਰਟੀ, ਬਸਪਾ, ਖੱਬੇ ਪੱਖੀਆਂ, ਹਿੰਦੁਸਤਾਨੀ ਆਵਾਮ ਮੋਰਚਾ ਤੇ ਸ਼ਰਦ ਯਾਦਵ ਵਿਚਾਲੇ ਮਹਾਗਠਜੋੜ ਹੋਇਆ ਸੀ, ਪਰ ਰਾਸ਼ਟਰੀ ਜਨਤਾ ਦਲ ਦੇ ਸੀਟ ਵੰਡ ਦੇ ਫਾਰਮੂਲੇ ਬਾਰੇ ਸਹਿਯੋਗੀ ਦਲਾਂ 'ਚ ਮਤਭੇਦ ਹੈ। ਇਸ ਫਾਰਮੂਲੇ ਮੁਤਾਬਕ ਰਾਸ਼ਟਰੀ ਜਨਤਾ ਦਲ 22 ਸੀਟਾਂ ਆਪ ਲੈ ਕੇ ਹਿੰਦੁਸਤਾਨੀ ਆਵਾਮ ਮੋਰਚਾ ਨੂੰ 2 ਸੀਟਾਂ ਅਤੇ ਹੋਰਾਂ ਨੂੰ 1-1 ਸੀਟ ਤੇ ਰਾਸ਼ਟਰੀ ਲੋਕ ਸਮਤਾ ਪਾਰਟੀ ਨਾਲ ਆਵੇ ਤਾਂ ਉਸ ਨੂੰ ਕੁਝ ਸੀਟਾਂ ਮਿਲਣਗੀਆਂ। ਬਸਪਾ ਨੇ ਇਸ ਮਹਾਗਠਜੋੜ ਦਾ ਸਾਥ ਛੱਡ ਦਿੱਤਾ ਹੈ ਅਤੇ ਕਾਂਗਰਸ ਵੀ ਇਸ ਤੋਂ ਖੁਸ਼ ਨਹੀਂ। ਸਮਾਜਵਾਦੀ ਪਾਰਟੀ, ਖੱਬੇ-ਪੱਖੀ ਅਤੇ ਸ਼ਰਦ ਯਾਦਵ ਦੀ ਲੋਕਤਾਂਤਰਿਕ ਜਨਤਾ ਦਲ ਨਾਲ ਜੁੜੇ ਕਈ ਵੱਡੇ ਨੇਤਾ ਜੋ ਟਿਕਟ ਦੇ ਦਾਅਵੇਦਾਰ ਹਨ, ਉਹ ਵੀ ਦੂਜਾ ਬਦਲ ਲੱਭਣ ਲੱਗ ਪਏ ਹਨ।

## ਪ੍ਰਦੂਸ਼ਣ ਦੇ ਕਾਰਨ ਗੈਸ ਚੈਂਬਰ ਵਿੱਚ ਬਦਲ ਸਕਦੀ ਹੈ ਦਿੱਲੀ

ਨਵੀਂ ਦਿੱਲੀ, 28 ਅਕਤੂਬਰ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਨਵੰਬਰ ਵਿੱਚ ਗੈਸ ਚੈਂਬਰ ਵਿੱਚ ਬਦਲ ਸਕਦੀ ਹੈ। ਇਥੇ ਹਵਾ ਬੇਹੱਦ ਜ਼ਹਿਰੀਲੀ ਹੋਣ ਦਾ ਡਰ ਹੈ। ਦੀਵਾਲੀ ਪਿੱਛੋਂ ਹਾਲਾਤ ਹੋਰ ਖਰਾਬ ਹੋ ਸਕਦੇ ਹਨ। ਦਿੱਲੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੁਤਾਬਕ ਇਹ ਖਰਾਬ ਮੌਸਮ ਅਤੇ ਹਵਾ ਦੀ ਰਫਤਾਰ ਘੱਟ ਹੋਣ ਨਾਲ ਹੋਵੇਗਾ।

ਦਿੱਲੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੁਤਾਬਕ ਪੰਜਾਬ ਅਤੇ ਹਰਿਆਣਾ ਵੱਲੋਂ ਹਵਾਵਾਂ ਦਿੱਲੀ ਆਉਣ ਅਤੇ ਪਰਾਲੀ ਸਾੜਨ ਨਾਲ ਉਠਣ ਵਾਲਾ ਧੂੰਆਂ ਆਉਣ ਨਾਲ ਹੋਰ ਮੁਸੀਬਤ ਵਧੇਗੀ। ਬੋਰਡ ਨੂੰ ਸ਼ੱਕ ਪ੍ਰਗਟ ਹੈ ਕਿ ਇੱਕ ਨਵੰਬਰ ਤੋਂ 10 ਨਵੰਬਰ ਦੌਰਾਨ ਮੌਸਮ ਖਰਾਬ ਰਹੇਗਾ, ਖਾਸ ਕਰ ਕੇ ਹਵਾ ਦਾ ਰੁਖ਼ ਕੁਝ ਅਜਿਹਾ ਹੋਵੇਗਾ, ਜੋ ਦਿੱਲੀ ਨੂੰ ਗੈਸ ਚੈਂਬਰ ਬਣਾ ਸਕਦਾ ਹੈ। ਦਿੱਲੀ ਰਾਜਧਾਨੀ ਖੇਤਰ ਵਿੱਚ ਹਵਾ ਦੀ ਲਗਾਤਾਰ ਖਰਾਬ ਹੁੰਦੀ ਗੁਣਵੱਤਾ ਠੀਕ ਕਰਨ ਲਈ ਸਰਕਾਰ ਸਖਤ ਰੁਖ਼ ਅਪਣਾਉਂਦੇ ਹੋਏ ਹਵਾ ਪ੍ਰਦੂਸ਼ਣ ਮਾਪਦੰਡਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਖਿਲਾਫ ਅਪਰਾਧਕ ਕੇਸ ਦਰਜ ਕਰ ਕੇ ਕਾਰਵਾਈ ਕਰੇਗੀ। ਵਾਤਾਵਰਣ, ਜੰਗਲਾਤ ਤੇ ਜਲਵਾਯੂ ਪਰਿਵਰਤਨ ਮੰਤਰੀ ਹਰਸ਼ਵਰਧਨ ਨੇ ਬੀਤੇ ਦਿਨ ਐੱਨ ਸੀ ਆਰ ਖੇਤਰ ਵਿੱਚ ਹਵਾ ਪ੍ਰਦੂਸ਼ਣ ਦੀ ਸਥਿਤੀ ਦੀ ਸਮੀਖਿਆ ਬੈਠਕ ਦੇ ਬਾਅਦ ਇਹ ਜਾਣਕਾਰੀ ਦਿੱਤੀ। ਕੇਂਦਰ ਦੇ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਦੇ ਇੱਕ ਕਾਰਜਬ ਲ ਨੇ ਰਾਸ਼ਟਰੀ ਰਾਜਧਾਨੀ ਖੇਤਰ (ਐੱਨ ਸੀ ਆਰ) ਵਿੱਚ ਹਵਾ ਪ੍ਰਦੂਸ਼ਣ ਦੀ ਚਿੰਤਾ ਜਨਕ ਸਥਿਤੀ ਨਾਲ ਨਿਪਟਣ ਲਈ ਇੱਕ ਤੋਂ 10 ਨਵੰਬਰ ਵਿਚਾਲੇ ਘੱਟੋਂ ਘੱਟ ਨਿੱਜੀ ਵਾਹਨਾਂ ਨੂੰ ਚੱਲਣ ਦੀ ਮਨਜ਼ੂਰੀ ਦੇਣ, ਕੋਲੇ ਅਤੇ ਜੈਵ ਈਂਧਣ ਆਧਾਰਤ ਉਦਯੋਗਾਂ ਨੂੰ ਬੰਦ ਕਰਨ ਵਰਗੀ ਮੰਗ ਕੀਤੀ ਹੈ।

## ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਸੀ ਬੀ ਆਈ ਦਾ ਰਿਕਾਰਡ ਖਰਾਬ

ਨਵੀਂ ਦਿੱਲੀ, 28 ਅਕਤੂਬਰ (ਪੋਸਟ ਬਿਊਰੋ)- ਭਾਰਤ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਸੀ ਬੀ ਆਈ ਇਨ੍ਹੀਂ ਦਿਨੀਂ ਆਪਣੇ ਉੱਤੇ ਲੱਗੇ ਹੋਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਜੂਝ ਰਹੀ ਹੈ। ਇਹ ਮਾਮਲਾ ਇਸ ਵਾਰ ਏਨਾ ਵੱਡਾ ਹੈ ਕਿ ਸੀ ਬੀ ਆਈ ਦੇ ਡਾਇਰੈਕਟਰ ਆਲੋਕ ਵਰਮਾ ਅਤੇ ਸਪੈਸ਼ਲ ਡਾਇਰੈਕਟਰ ਰਾਕੇਸ਼ ਅਸਥਾਨਾ ਆਪਸ ਵਿੱਚ ਖਹਿਬੜ ਪਏ ਹਨ। ਇਸ ਵੱਡੇ ਝਗੜੇ ਦੇ ਕਾਰਨ ਸੀ ਬੀ ਆਈ ਦੀ ਸਾਖ ਪ੍ਰਭਾਵਤ ਹੋ ਰਹੀ ਹੈ। ਆਮ ਲੋਕਾਂ ਵਿੱਚ ਸੀ ਬੀ ਆਈ ਦੇ ਕੇਸਾਂ ਬਾਰੇ ਬਹੁਤ ਤਸੱਲੀ ਦੀ ਪ੍ਰਕਿਰਿਆ ਨਹੀਂ ਦੇਖੀ ਜਾਂਦੀ। ਸੀ ਬੀ ਆਈ ਭ੍ਰਿਸ਼ਟਾਚਾਰ, ਆਰਥਿਕ ਅਪਰਾਧ ਅਤੇ ਅਪਰਾਧਕ ਮਾਮਲਿਆਂ ਦੀ ਜਾਂਚ ਕਰਦੀ ਹੈ। ਦੱਸਿਆ ਜਾਂਦਾ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਸੀ ਬੀ ਆਈ ਦੀ ਲਿਸਟ ਵਿੱਚ ਅਜਿਹੇ ਕੇਸਾਂ ਦੀ ਗਿਣਤੀ ਵਧੀ ਹੈ, ਜਿਸ ਦਾ ਖੁਲਾਸਾ ਕਰਨ ਵਿੱਚ ਏਜੰਸੀ ਨਾਕਾਮ ਰਹੀ ਹੈ। ਇਸ ਵਿੱਚ ਬਹੁਤੇ ਮਾਮਲੇ ਭ੍ਰਿਸ਼ਟਾਚਾਰ ਦੇ ਹਨ।

◆ Insurance ◆
Punjab Insurance Inc
• Super Visa Insurance
• Life Insurance
• Disability Insurance
• Critical illness Insurance
• Mortgage Insurance
• RRSP (Retirement Plan)
• RESP (Education Plan)
• Visitor Insurance
• Health and Dental Plans..
• Travel Insurance
• Segregated Funds, TFSA



Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
◦ Counter Balance ◦ Order Picker
◦ Raymond Reach ◦ Walkie
◦ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9



BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

## 14 ਅੱਤਵਾਦੀਆਂ ਨੂੰ ਫਾਂਸੀ ਦਾ ਹੁਕਮ

ਇਸਲਾਮਾਬਾਦ, 28 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਮਿਲਟਰੀ ਅਦਾਲਤਾਂ ਵੱਲੋਂ ਦੋਸ਼ੀ ਕਰਾਰ ਦਿੱਤੇ ਗਏ 14 ਅੱਤਵਾਦੀਆਂ ਨੂੰ ਮੌਤ ਦੀ ਸਜ਼ਾ ਦੀ ਪੁਸ਼ਟੀ ਕੀਤੀ ਹੈ। ਫੌਜ ਦੀ ਮੀਡੀਆ ਯੂਨਿਟ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਦੇ ਇੱਕ ਬਿਆਨ ਮੁਤਾਬਕ ਫੌਜੀ ਅਦਾਲਤ ਨੇ ਅੱਠ ਹੋਰ ਨੂੰ ਜੇਲ੍ਹ ਭੇਜ ਦਿੱਤਾ ਹੈ। ਦਸੰਬਰ 2014 ਵਿੱਚ ਪੇਸ਼ਾਵਰ ਦੇ ਇੱਕ ਸਕੂਲ ਵਿੱਚ 150 ਬੱਚਿਆਂ ਦੀ ਹੱਤਿਆ ਕੀਤੇ ਜਾਣ ਪਿੱਛੋਂ ਪਾਕਿਸਤਾਨ ਵਿੱਚ ਅੱਤਵਾਦੀਆਂ ਵਿਰੁੱਧ ਮੁਕੱਦਮਿਆਂ ਦੀ ਸੁਣਵਾਈ ਤੇਜ਼ੀ ਨਾਲ ਕਰਨ ਲਈ ਮਿਲਟਰੀ ਅਦਾਲਤਾਂ ਦਾ ਗਠਨ ਕੀਤਾ ਗਿਆ ਹੈ। ਫੌਜ ਨੇ ਕਿਹਾ ਹੈ ਕਿ ਬਾਜਵਾ ਨੇ 14 ਖਤਰਨਾਕ ਅੱਤਵਾਦੀਆਂ ਨੂੰ ਸੁਣਾਈ ਸਜ਼ਾ-ਏ-ਮੌਤ ਦੀ ਪੁਸ਼ਟੀ ਕੀਤੀ ਹੈ। ਇਹ ਸਾਰੇ ਫੌਜਾਂ ਉਤੇ ਹਮਲਾ ਕਰਨ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ 'ਤੇ ਹਮਲਾ ਕਰਨ, ਮਾਸੂਮਾਂ ਦੇ ਕਤਲ ਕਰਨ ਅਤੇ ਵਿਦਿਅਕ ਅਦਾਰਿਆਂ ਨੂੰ ਨਸ਼ਟ ਕਰਨ ਦੇ ਦੋਸ਼ੀ ਹਨ। ਪਾਕਿ ਫੌਜ ਦੀ ਮੀਡੀਆ ਯੂਨਿਟ ਨੇ ਕਿਹਾ, ਉਨ੍ਹਾਂ ਨੇ 22 ਲੋਕਾਂ ਦਾ ਕਤਲ ਕਰ ਦਿੱਤਾ ਜਿਸ ਵਿੱਚ ਤਿੰਨ ਨਾਗਰਿਕ ਅਤੇ 19 ਸੁਰੱਖਿਆ ਕਰਮਚਾਰੀ ਸ਼ਾਮਲ ਹਨ।

## ਰੂਸ ਨੂੰ ਪੱਤਰਕਾਰ ਖਸ਼ੋਗੀ ਦੇ ਕਤਲ ਪਿੱਛੇ ਸਾਊਦੀ ਅਰਬ ਦੇ ਰਾਜ ਘਰਾਣੇ ਦਾ ਹੱਥ ਨਹੀਂ ਲੱਗਦਾ

* ਖਸ਼ੋਗੀ ਦੇ ਪਰਿਵਾਰ ਨੇ ਸਾਊਦੀ ਅਰਬ ਛੱਡਿਆ

ਮਾਸਕੋ, 28 ਅਕਤੂਬਰ, (ਪੋਸਟ ਬਿਊਰੋ)- ਰੂਸ ਸਰਕਾਰ ਨੇ ਕਿਹਾ ਹੈ ਕਿ ਉਸ ਦੀ ਸਮਝ ਹੈ ਕਿ ਪੱਤਰਕਾਰ ਖਸ਼ੋਗੀ ਦੇ ਕਤਲ 'ਚ ਸਾਊਦੀ ਅਰਬ ਦੇ ਸ਼ਾਹੀ ਪਰਵਾਰ ਦਾ ਹੱਥ ਨਹੀਂ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੇ ਸਾਊਦੀ ਅਰਬ ਦੇ ਸ਼ਾਹ ਸਲਮਾਨ ਵਿਚਾਲੇ ਇਸ ਮੁੱਦੇ 'ਤੇ ਗੱਲਬਾਤ ਮਗਰੋਂ ਰੂਸ ਸਰਕਾਰ ਨੇ ਇਹ ਬਿਆਨ ਦਿੱਤਾ ਹੈ।

ਇਕ ਖਬਰ ਏਜੰਸੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਤੋਂ ਪੁੱਛਿਆ ਕਿ ਕੀ ਸਰਕਾਰ ਪੂਰੀ ਤਰ੍ਹਾਂ ਮੰਨਦੀ ਹੈ ਕਿ ਤੁਰਕੀ ਦੇ ਇਸਤਾਂਬੁਲ ਵਿੱਚ ਹੋਏ ਖਸ਼ੋਗੀ ਦੀ ਕਤਲ ਬਾਰੇ ਸਾਊਦੀ ਅਰਬ ਦੇ ਸ਼ਾਹੀ ਪਰਵਾਰ ਦੇ ਸਰਕਾਰੀ ਬਿਆਨ, ਜਿਹੜਾ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਜਾਰੀ ਕੀਤਾ ਹੈ, ਉੱਤੇ ਯਕੀਨ ਨਾ ਕਰਨ ਦਾ ਕੋਈ ਆਧਾਰ ਨਹੀਂ ਹੋਣਾ ਚਾਹੀਦਾ। ਪੁਤਿਨ ਨੇ ਵੀਰਵਾਰ ਸ਼ਾਮ ਸਾਊਦੀ ਅਰਬ ਦੇ ਸ਼ਾਹ ਸਲਮਾਨ ਨਾਲ ਫੋਨ 'ਤੇ ਗੱਲ ਕੀਤੀ ਤੇ ਖਸ਼ੋਗੀ ਕੇਸ ਨਾਲ ਜੁੜੇ ਹਾਲਾਤ 'ਤੇ ਚਰਚਾ ਕੀਤੀ ਸੀ। ਇਸ ਉੱਤੇ ਰੂਸ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਸ਼ਾਹੀ ਪਰਵਾਰ ਦੇ ਬਿਆਨ ਉੱਤੇ ਯਕੀਨ ਨਾ ਕਰਨ ਦਾ ਕੋਈ ਕਾਰਨ ਨਹੀਂ ਹੈ।


ਸਾਊਦੀ ਕ੍ਰਾਊਂਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨਾਲ ਮੇਲਾਕਾਤ ਦੌਰਾਨ ਖਸ਼ੋਗੀ ਦਾ ਪੁਤਰ ਸਾਲਾਹ ਬਿਨ ਜਮਾਲ ਖਸ਼ੋਗੀ।

ਇਸ ਦੌਰਾਨ ਸੀ ਆਈ ਏ ਦੀ ਮੁਖੀ ਜੀਨਾ ਹਾਸਪੇਲ ਨੇ ਪੱਤਰਕਾਰ ਜਮਾਲ ਖਸ਼ੋਗੀ ਦੇ ਕਤਲ ਕੇਸ ਬਾਰੇ ਤੁਰਕੀ ਦੀ ਆਪਣੀ ਇਸ ਹਫਤੇ ਦੀ ਯਾਤਰਾ ਦੇ ਨਤੀਜੇ ਦੀ ਜਾਣਕਾਰੀ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦੇ ਦਿੱਤੀ ਹੈ, ਪਰ ਇਸ ਦਾ ਕੋਈ ਵੇਰਵਾ ਨਹੀਂ ਮਿਲ ਸਕਿਆ ਕਿ ਉਥੇ ਕੀ ਚਰਚਾ ਹੋਈ। ਰਾਸ਼ਟਰਪਤੀ ਨੇ ਵੀ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਵਾਈਟ ਹਾਊਸ ਦੀ ਪ੍ਰੈੱਸ ਸਕੱਤਰ ਸਾਰਾਹ ਸੈਂਡਰਸ ਨੇ ਦੱਸਿਆ ਕਿ ਹਾਸਪੇਲ ਨੇ ਤੁਰਕੀ ਤੋਂ ਮੁੜਨ ਮਗਰੋਂ ਅੱਜ ਸਵੇਰੇ ਰਾਸ਼ਟਰਪਤੀ ਟਰੰਪ ਨੂੰ ਇਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਉਥੇ ਖਸ਼ੋਗੀ ਦੇ ਕਤਲ ਦੀ ਜਾਂਚ 'ਚ ਸ਼ਾਮਲ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਸੀ ਤੇ ਤੁਰਕੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਕੋਲ ਕਤਲ ਦਾ ਸਬੂਤ ਹੈ। ਵਾਸ਼ਿੰਗਟਨ ਪੋਸਟ ਅਖਬਾਰ ਦੇ ਮੁਤਾਬਕ ਹਾਸਪੇਲ ਨੇ ਇਕ ਆਡੀਓ ਟੇਪ ਸੁਣਿਆ, ਜਿਹੜਾ ਤੁਰਕੀ ਨੇ ਕਤਲ ਕੇਸ ਦੇ ਬਾਰੇ ਹੋਣ ਦਾ ਦਾਅਵਾ ਕੀਤਾ ਹੈ। ਇਸ ਆਡੀਓ ਦੀ ਜਾਣਕਾਰੀ ਰੱਖਣ ਵਾਲੇ ਇਕ ਵਿਅਕਤੀ ਨੇ ਕਿਹਾ ਕਿ ਉਹ ਖਸ਼ੋਗੀ ਦੀ ਹੱਤਿਆ ਲਈ ਸਾਊਦੀ ਅਰਬ ਨੂੰ ਜਵਾਬਦੇਹ ਠਹਿਰਾਉਣ ਲਈ ਅਮਰੀਕਾ ਉੱਤੇ ਦਬਾਅ ਪਾਵੇਗਾ।

ਦੂਸਰੇ ਪਾਸੇ ਸਾਊਦੀ ਅਰਬ ਸਰਕਾਰ ਵਲੋਂ ਯਾਤਰਾ ਪਾਬੰਦੀ ਹਟਾਏ ਜਾਣ ਅਤੇ ਅਮਰੀਕਾ ਜਾਣ ਲਈ ਆਗਿਆ ਮਿਲਣ ਪਿੱਛੋਂ ਪੱਤਰਕਾਰ ਜਮਾਲ ਖਸ਼ੋਗੀ ਦੇ ਬੇਟੇ ਨੇ ਅੱਜ ਸਾਊਦੀ ਅਰਬ ਛੱਡ ਦਿੱਤਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਾਬਰਟ ਪਲਾਡੀਨੋ ਨੇ ਕਿਹਾ ਕਿ ਅਮਰੀਕਾ ਇਸ ਫੈਸਲੇ ਦਾ ਸਵਾਗਤ ਕਰਦਾ ਹੈ। ਖਸ਼ੋਗੀ ਦੇ ਕਤਲ ਬਾਰੇ ਸੰਸਾਰ ਭਰ ਵਿੱਚ ਪੈਦਾ ਹੋਏ ਵਿਵਾਦ ਵਿਚਾਲੇ ਕੱਲ੍ਹ ਇਹ ਕਦਮ ਚੁੱਕਿਆ ਗਿਆ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਪਿਛਲੇ ਦਿਨੀਂ ਸਾਊਦੀ ਅਰਬ ਦੀ ਯਾਤਰਾ ਦੌਰਾਨ ਖਸ਼ੋਗੀ ਦੇ ਬੇਟੇ ਸਲਾਹ ਖਸ਼ੋਗੀ ਦੇ ਮਾਮਲੇ 'ਚ ਚਰਚਾ ਕੀਤੀ ਸੀ। ਉਨ੍ਹਾਂ ਨੇ ਉਦੋਂ ਸਪੱਸ਼ਟ ਕਿਹਾ ਸੀ ਕਿ ਵਾਸ਼ਿੰਗਟਨ ਚਾਹੁੰਦਾ ਹੈ ਕਿ ਸਲਾਹ ਖਸ਼ੋਗੀ ਅਮਰੀਕਾ ਮੁੜ ਆਵੇ।

## ਕੈਥੇ ਪੈਸੀਫਿਕ ਏਅਰਲਾਈਨ ਨੇ 94 ਲੱਖ ਲੋਕਾਂ ਦਾ ਡਾਟਾ ਲੀਕ ਹੋ ਗਿਆ ਮੰਨਿਆ

ਹਾਂਗਕਾਂਗ, 28 ਅਕਤੂਬਰ (ਪੋਸਟ ਬਿਊਰੋ)- ਹਾਂਗਕਾਂਗ ਦੀ ਏਅਰਲਾਈਨ ਕੈਥੇ ਪੈਸੀਫਿਕ 'ਤੇ ਇਹ ਦੱਸਣ ਲਈ ਭਾਰੀ ਦਬਾਅ ਪਿਆ ਕਿ ਉਸ ਨੇ ਹੈਕਿੰਗ ਦੀ ਗੱਲ ਮੰਨਣ 'ਚ ਪੰਜ ਮਹੀਨੇ ਦਾ ਲੰਮਾ ਸਮਾਂ ਕਿਉਂ ਲਾਇਆ? ਨਾਲ ਹੀ ਪਾਸਪੋਰਟ ਨੰਬਰ ਅਤੇ ਕਰੈਡਿਟ ਕਾਰਡ ਦੇ ਵੇਰਵੇ ਸਮੇਤ 94 ਲੱਖ ਯਾਤਰੀਆਂ ਦਾ ਡਾਟਾ ਖਤਰੇ ਵਿੱਚ ਕਿਉਂ ਪਾਇਆ?




ਏਅਰਲਾਈਨ ਨੇ ਅਖੀਰ ਇਹ ਗੱਲ ਮੰਨੀ ਹੈ ਕਿ ਮਾਰਚ ਵਿੱਚ ਉਸ ਨੇ ਆਪਣੇ ਨੈਟਵਰਕ 'ਚ ਸ਼ੱਕੀ ਸਰਗਰਮੀ ਦੇਖੀ ਸੀ। ਫਿਰ ਮਈ ਦੇ ਸ਼ੁਰੂ ਵਿੱਚ ਕੁਝ ਨਿੱਜੀ ਡਾਟਾ ਤੱਕ ਅਣ-ਅਧਿਕਾਰਤ ਪਹੁੰਚ ਹੋਣ ਦੀ ਗੱਲ ਉਨ੍ਹਾਂ ਨੂੰ ਪਤਾ ਲੱਗ ਗਈ। ਗਾਹਕ ਅਤੇ ਕਾਰੋਬਾਰ ਬਾਰੇ ਮੁੱਖ ਅਧਿਕਾਰੀ ਪਾਲ ਲੂ ਨੇ ਦੱਸਿਆ ਕਿ ਅਧਿਕਾਰੀ ਕੋਈ ਐਲਾਨ ਕਰਨ ਤੋਂ ਪਹਿਲਾਂ ਹਾਲਾਤ 'ਤੇ ਪੂਰੀ ਤਰ੍ਹਾਂ ਕੰਟਰੋਲ ਚਾਹੁੰਦੇ ਸਨ ਅਤੇ ਅਣ-ਲੋੜੀਂਦੀ ਦਹਿਸ਼ਤ ਨਹੀਂ ਪੈਦਾ ਕਰਨਾ ਚਾਹੁੰਦੇ ਸਨ।

ਸਥਾਨਕ ਨੇਤਾਵਾਂ ਨੇ ਏਅਰਲਾਈਨ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਇਸ ਦੀ ਗਲਤੀ ਨੇ ਚਿੰਤਾਵਾਂ ਵਧਾਈਆਂ ਹਨ। ਆਈ ਟੀ ਖੇਤਰ ਦੇ ਲੋਕ ਪ੍ਰਤੀਨਿਧ ਚਾਰਲਸ ਮੋਕ ਨੇ ਕਿਹਾ ਕਿ ਦੇਰੀ ਨੂੰ ਸਹੀ ਠਹਿਰਾਉਣਾ ਕੋਈ ਚੰਗੀ ਸਫਾਈ ਨਹੀਂ ਹੈ। ਇੱਕ ਹੋਰ ਲੋਕ ਪ੍ਰਤੀਨਿਧੀ ਐਲਿਜ਼ਾਬੈਥ ਕਵਾਤ ਨੇ ਕਿਹਾ ਕਿ ਦੇਰੀ ਮੰਨਣ ਯੋਗ ਨਹੀਂ, ਕਿਉਂਕਿ ਇਸ ਦਾ ਇਹ ਮਤਲਬ ਹੈ ਕਿ ਗਾਹਕਾਂ ਨੇ ਆਪਣੇ ਨਿੱਜੀ ਡਾਟਾ ਨੂੰ ਸੁਰੱਖਿਅਤ ਕਰਨ ਲਈ ਕਦਮ ਚੁੱਕਣ ਦੇ ਪੰਜ ਮਹੀਨੇ ਗੁਆ ਦਿੱਤੇ। ਏਅਰਲਾਈਨ ਨੇ ਮੰਨਿਆ ਕਿ ਲਗਭਗ 86000 ਪਾਸਪੋਰਟ ਨੰਬਰ 245000 ਹਾਂਗਕਾਂਗ ਪਛਾਣ ਪੱਤਰ 503 ਕਰੈਡਿਟ ਕਾਰਡ (ਜਿਨ੍ਹਾਂ ਦੀ ਵੈਲੇਡਿਟੀ ਖਤਮ ਹੋ ਚੁੱਕੀ ਹੈ) ਅਤੇ ਰਿਹਾਇਸ਼ੀ ਪਤੇ ਸ਼ਾਮਲ ਹਨ।

ਨਾਲ ਹੀ ਏਅਰਲਾਈਨ ਦੇ ਮੁੱਖ ਅਧਿਕਾਰੀ ਰੂਪਰਟ ਹਾਂਗ ਨੇ ਇੱਕ ਬਿਆਨ 'ਚ ਕਿਹਾ ਕਿ ਸਾਡੇ ਕੋਲ ਇਸ ਬਾਰੇ ਕੋਈ ਸਬੂਤ ਨਹੀਂ ਹੈ ਕਿ ਕਿਸੇ ਦੇ ਨਿੱਜੀ ਡਾਟਾ ਦੀ ਦੁਰਵਰਤੋਂ ਹੋਈ ਹੈ। ਹਾਂਗਕਾਂਗ ਦੇ ਪ੍ਰਾਈਵੇਸੀ ਕਮਿਸ਼ਨਰ ਸਟੀਫਨ ਵੋਂਗ ਨੇ ਨਿੱਜੀ ਡਾਟਾ 'ਚ ਸੰਨ੍ਹ ਲੱਗਣ 'ਤੇ ਗੰਭੀਰ ਚਿੰਤਾ ਜਤਾਉਂਦੇ ਹੋਏ ਕਿਹਾ ਕਿ ਉਨ੍ਹਾਂ ਦਾ ਦਫਤਰ ਏਅਰਲਾਈਨ ਦੀ ਸਹੀ ਜਾਂਚ ਸ਼ੁਰੂ ਕਰੇਗਾ। ਏਅਰਲਾਈਨ ਨੇ ਕਿਹਾ ਕਿ ਉਸ ਨੇ ਯਾਤਰੀਆਂ ਦੇ ਡਾਟਾ ਦੀ ਪ੍ਰਣਾਲੀ 'ਚ ਸੰਨ੍ਹ ਲੱਗਣ ਦਾ ਪਤਾ ਲੱਗਣ ਤੋਂ ਬਾਅਦ ਇੱਕ ਜਾਂਚ ਸ਼ੁਰੂ ਕੀਤੀ ਅਤੇ ਪੁਲਸ ਨੂੰ ਚੌਕਸ ਕੀਤਾ।

## ਪਾਕਿ ਨੂੰ ਸੀਰੀਆ ਤੋਂ ਤਿੰਨ ਗੁਣਾਂ ਵੱਧ ਖਤਰਨਾਕ ਮੰਨਿਆ ਗਿਆ

ਲੰਡਨ, 28 ਅਕਤੂਬਰ, (ਪੋਸਟ ਬਿਊਰੋ)- ਆਕਸਫੋਰਡ ਯੂਨੀਵਰਸਿਟੀ ਦੇ ਸਟੈਟੇਜਿਕ ਫੋਰਸਾਈਟ ਗਰੁੱਪ (ਐੱਸ ਐੱਫ ਜੀ) ਦੇ ਸਾਂਝੇ ਅਧਿਐਨ ਪਿੱਛੋਂ ਜਾਰੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨ ਮਨੁੱਖਤਾ ਲਈ ਸੀਰੀਆ ਤੋਂ ਵੀ ਵੱਧ ਖਤਰਨਾਕ ਹੈ। ਇਹ ਅੱਤਵਾਦ ਨੂੰ ਜਨਮ ਦੇਣ ਵਾਲਾ ਅਤੇ ਗਲੋਬਲ ਅੱਤਵਾਦ ਦਾ ਸਭ ਤੋਂ ਵੱਡਾ ਸਮੱਰਥਕ ਬਣਿਆ ਹੋਇਆ ਹੈ। ਦੁਨੀਆ ਵਿੱਚ ਅੱਤਵਾਦ ਫੈਲਾਉਣ ਲਈ ਪਾਕਿਸਤਾਨ ਸੀਰੀਆ ਤੋਂ ਤਿੰਨ ਗੁਣਾ ਵੱਧ ਜ਼ਿੰਮੇਦਾਰ ਹੈ। ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਤੋਂ ਅੰਤਰਰਾਸ਼ਟਰੀ ਸੁਰੱਖਿਆ ਨੂੰ ਸਭ ਤੋਂ ਵੱਧ ਖਤਰਾ ਹੈ।



ਇਸ ਨਿਵੇਕਲੀ ਰਿਪੋਰਟ ਵਿੱਚ ਪਾਕਿਸਤਾਨ ਨੂੰ ਅੱਤਵਾਦੀਆਂ ਲਈ ਸਭ ਤੋਂ ਵੱਧ ਸੁਰੱਖਿਅਤ ਪਨਾਹ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ। ਰਿਪੋਰਟ ਮੁਤਾਬਕ ਤੱਥਾਂ ਤੇ ਅੰਕੜਿਆਂ ਦੇ ਆਧਾਰ 'ਤੇ ਸਭ ਤੋਂ ਖਤਰਨਾਕ ਅੱਤਵਾਦੀ ਗਰੁੱਪਾਂ ਨੂੰ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਪਾਕਿਸਤਾਨ ਉਨ੍ਹਾਂ 'ਚੋਂ ਬਹੁਤਿਆਂ ਦਾ ਤਾਂ ਮੇਜ਼ਬਾਨ ਜਾਂ ਮਦਦਗਾਰ ਹੈ। ਅਫਗਾਨਿਸਤਾਨ ਵਿੱਚ ਮੌਜੂਦ ਅੱਤਵਾਦੀ ਗੁੱਟਾਂ ਦੀ ਵੱਡੀ ਗਿਣਤੀ ਪਾਕਿਸਤਾਨ ਦੀ ਮਦਦ ਨਾਲ ਚੱਲਦੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਹਰ ਤਰ੍ਹਾਂ ਦਾ ਅੱਤਵਾਦ, ਸਮੂਹਿਕ ਵਿਨਾਸ਼ ਦੇ ਹਥਿਆਰ ਅਤੇ ਆਰਥਿਕ ਸਮੱਸਿਆਵਾਂ ਇਨਸਾਨ ਦੀ ਤਰੱਕੀ ਨੂੰ ਕਮਜ਼ੋਰ ਕਰਦੇ ਹਨ। ਇਨ੍ਹਾਂ 'ਚ ਅੱਤਵਾਦ ਤੇ ਉਸ ਨਾਲ ਜੁੜੀਆਂ ਗੱਲਾਂ ਸਭ ਤੋਂ ਵੱਡਾ ਖਤਰਾ ਹਨ।

ਅਧਿਐਨ ਕਰਨ ਵਾਲੇ ਗਰੁੱਪ ਐੱਸ ਐੱਫ ਜੀ ਨੇ 80 ਪੇਜਾਂ ਦੀ ਇਕ ਰਿਪੋਰਟ ਬਣਾਈ ਹੈ। ਇਸ ਵਿੱਚ 20ਵੀਂ ਸਦੀ ਦੇ ਪਹਿਲੇ 6 ਦਹਾਕਿਆਂ ਵਿੱਚ ਦੁਨੀਆ 'ਚ ਅੱਤਵਾਦ ਫੈਲਾਉਣ ਵਾਲੇ ਕਰੀਬ 200 ਗਰੁੱਪਾਂ ਦੀ ਘੋਖ ਕੀਤੀ ਗਈ ਅਤੇ ਦਾਅਵਾ ਕੀਤਾ ਗਿਆ ਹੈ ਕਿ ਆਈ ਐੱਸ ਆਈ ਐੱਸ ਅਤੇ ਅਲ ਕਾਇਦਾ ਦੁਨੀਆ 'ਚ ਅੱਤਵਾਦ ਦੇ ਸਭ ਤੋਂ ਵੱਡੇ ਅੱਤਵਾਦੀ ਸੰਗਠਨ ਬਣ ਕੇ ਉਭਰੇ ਹਨ। ਅਲ ਕਾਇਦਾ ਦਾ ਜਨਮ ਪਾਕਿਸਤਾਨ ਵਿੱਚ ਹੋਇਆ ਸੀ, ਪਰ ਇਸ ਨੇ ਸਭ ਤੋਂ ਵੱਧ ਪ੍ਰਭਾਵਤ ਅਫਗਾਨਿਸਤਾਨ ਨੂੰ ਕੀਤਾ ਹੈ।

## ਬ੍ਰਿਟੇਨ ਵਿਆਹ ਬਾਰੇ 180 ਸਾਲ ਪੁਰਾਣੇ ਕਾਨੂੰਨ ਬਦਲੇਗਾ

ਲੰਡਨ, 28 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਸਰਕਾਰ ਮੈਰਿਜ ਨਾਲ ਜੁੜਿਆ 180 ਸਾਲ ਪੁਰਾਣਾ ਕਾਨੂੰਨ ਬਦਲਣ ਦੀ ਤਿਆਰੀ ਕਰ ਰਹੀ ਹੈ। ਇਸ ਦੇ ਤਹਿਤ ਲੋਕ ਖੁੱਲ੍ਹੇ ਥਾਂ ਵੀ ਵਿਆਹ ਕਰ ਸਕਣਗੇ।

ਵਰਨਣ ਯੋਗ ਹੈ ਕਿ 1836 ਵਿੱਚ ਬਣੇ ਕਾਨੂੰਨ ਵਿੱਚ ਬਦਲਾਅ ਹੋਣ ਦੇ ਬਾਅਦ ਵਿਆਹ ਸੰਬੰਧੀ ਪ੍ਰੋਗਰਾਮਾਂ ਵਿੱਚ ਹੋਣ ਵਾਲੇ ਖਰਚਿਆਂ ਵਿੱਚ ਕਮੀ ਆਏਗੀ। ਮੌਜੂਦਾ ਕਾਨੂੰਨ ਹੇਠ ਇੰਗਲੈਂਡ ਵਿੱਚ ਖੁੱਲ੍ਹੇ ਥਾਂ ਵਿਆਹ ਆਦਿ ਦੇ ਸਮਾਰੋਹ ਕਰਨ 'ਤੇ ਪਾਬੰਦੀ ਲੱਗੀ ਹੋਈ ਸੀ। ਵਿਆਹ ਸਮਾਰੋਹ ਲਈ ਸਥਾਨਕ ਪ੍ਰਸਾਸਨ ਤੋਂ ਮਨਜ਼ੂਰ ਕੰਪਲੈਕਸ ਜਾਂ ਲਾਇਸੈਂਸੀ ਹੋਟਲ ਜਾਂ ਰੈਸਟੋਰੈਂਟ ਵਿੱਚ ਆਯੋਜਨ ਕੀਤਾ ਜਾ ਸਕਦਾ ਹੈ। ਇਸ ਦੇ ਲਈ ਹੋਟਲ ਮਾਲਕਾਂ ਨੂੰ ਯਕੀਨੀ ਕਰਨਾ ਹੁੰਦਾ ਹੈ ਕਿ ਪ੍ਰੋਗਰਾਮ ਵਿੱਚ ਸ਼ਰਾਬ ਨਾ ਪਰੋਸੀ ਜਾਏ। ਕਾਨੂੰਨ ਵਿੱਚ ਬਦਲਾਅ ਦੇ ਬਾਅਦ ਲੋਕ ਖੁੱਲ੍ਹੇ ਮੈਦਾਨ, ਗਾਰਡਨ ਤੇ ਸਮੁੰਦਰ ਕੰਢੇ ਵਿਆਹ ਸਮਾਰੋਹ ਕਰ ਸਕਣਗੇ ਅਤੇ ਵਿਆਹ ਦੇ ਖਰਚ ਦੀ ਕਮੀ ਆਏਗੀ।

## ਪਾਕਿ ਵਿੱਚ ਸਾਬਕਾ ਜੱਜ ਦੇ ਨਾਮ ਉੱਤੇ 2,200 ਤੋਂ ਵੱਧ ਕਾਰਾਂ ਰਜਿਸਟਰਡ ਮਿਲੀਆਂ

ਇਸਲਾਮਾਬਾਦ, 28 ਅਕਤੂਬਰ, (ਪੋਸਟ ਬਿਊਰੋ)- ਪਾਕਿਸਤਾਨ ਵਿਚ ਇਸ ਸਮੇਂ ਬੇਨਾਮੀ ਜਾਇਦਾਦਾਂ ਦਾ ਮੁੱਦਾ ਕਾਫੀ ਗਰਮ ਹੈ। ਇਸ ਸਬੰਧ ਵਿਚ ਬਾਹਰ ਆਈ ਇਕ ਖਬਰ ਨੇ ਹੜਕੰਪ ਮਚਾ ਦਿੱਤਾ ਹੈ। ਇਕ ਸਾਬਕਾ ਜੱਜ ਸਿਕੰਦਰ ਹਯਾਤ ਨੂੰ ਸ਼ਨੀਵਾਰ ਨੂੰ ਪਤਾ ਲੱਗਾ ਹੈ ਕਿ ਉਨ੍ਹਾਂ ਦੇ ਨਾਮ ਉੱਤੇ 2,200 ਕਾਰਾਂ ਰਜਿਸਟਰਡ ਹਨ।



ਇਸ ਸਾਬਕਾ ਜੱਜ ਸਿਕੰਦਰ ਹਯਾਤ ਦੇ ਵਕੀਲ ਮੀਆਂ ਜ਼ਫਰ ਨੇ ਪਾਕਿ-ਸਤਾਨ ਦੀ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਨ੍ਹਾਂ ਦੇ ਕਲਾਈਂਟ ਨੇ ਅੱਜ ਤੱਕ ਸਿਰਫ ਇੱਕ ਕਾਰ ਖਰੀਦੀ ਹੈ। ਇੱਕ ਪ੍ਰਮੁੱਖ ਅਖਬਾਰ ਵਿਚ ਪ੍ਰਕਾਸ਼ਿਤ ਸਾਬਕਾ ਜੱਜ ਦੇ ਨਾਮ ਉੱਤੇ 2,200 ਕਾਰਾਂ ਰਜਿਸਟਰਡ ਹੋਣ ਦੀ ਖਬਰ ਨੇ ਸਨਸਨੀ ਫੈਲਾ ਦਿੱਤੀ ਹੈ। ਇਸ ਅਖਬਾਰ ਦੀ ਖਬਰ ਮੁਤਾਬਕ ਸਾਬਕਾ ਜੱਜ ਦੇ ਵਕੀਲ ਮੀਆਂ ਜ਼ਫਰ ਨੇ ਕਿਹਾ ਕਿ ਮੇਰੇ ਕਲਾਈਂਟ ਦੇ ਨਾਮ 2,224 ਕਾਰਾਂ ਰਜਿਸਟਰਡ ਹਨ। ਵਕੀਲ ਨੇ ਇਸ ਬਾਰੇ ਸੁਪਰੀਮ ਕੋਰਟ ਨੂੰ ਦੱਸਿਆ, 'ਕੁਝ ਦਿਨ ਪਹਿਲਾਂ ਮੇਰੇ ਕਲਾਈਂਟ ਤੇ ਸਾਬਕਾ ਜੱਜ ਨੂੰ ਇਕ ਕਾਰ ਦਾ ਚਲਾਣ ਮਿਲਿਆ ਸੀ, ਜਿਸ ਕਾਰ ਨੂੰ ਉਨ੍ਹਾਂ ਨੇ ਖਰੀਦਿਆ ਵੀ ਨਹੀਂ ਸੀ। ਪੰਜਾਬ ਐਕਸਾਈਜ਼ ਐਂਡ ਟੈਕਸੇਸ਼ਨ ਵਿਭਾਗ ਵੱਲੋਂ ਇਸ ਦੀ ਸੂਚਨਾ ਦਿੱਤੇ ਜਾਣ ਪਿੱਛੋਂ ਭੇਦ ਖੁੱਲ੍ਹਾ ਕਿ ਹਯਾਤ 2,224 ਗੱਡੀਆਂ ਦੇ ਰਜਿਸਟਰਡ ਮਾਲਕ ਦੱਸੇ ਜਾਂਦੇ ਸਨ। ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਪੰਜਾਬ ਐਕਸਾਈਜ਼ ਵਿਭਾਗ ਦੇ ਸਕੱਤਰ ਅਤੇ ਨਿਦੇਸ਼ਕ ਨੂੰ ਇਸ ਕੇਸ ਵਿਚ ਇਕ ਰਿਪੋਰਟ ਦਾਇਰ ਕਰਨ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਇਕ ਹਫਤੇ ਦੇ ਅੰਦਰ ਰਿਪੋਰਟ ਮੰਗੀ ਹੈ।

## ਇਮਰਾਨ ਦੀ ਭੈਣ ਸਮੇਤ 44 ਪਾਕਿਸਤਾਨੀਆਂ ਦੀ ਯੂ ਏ ਈ ਵਿੱਚ ਬੇਨਾਮੀ ਜਾਇਦਾਦ ਲੱਭੀ

ਇਸਲਾਮਾਬਾਦ, 28 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਭੈਣ ਸਣੇ 44 ਪ੍ਰਮੁੱਖ ਰਾਜਸੀ ਅਤੇ ਸਰਕਾਰੀ ਅਧਿਕਾਰੀ ਯੂ ਏ ਈ ਵਿੱਚ ਬੇਨਾਮੀ ਜਾਇਦਾਦ ਦੇ ਮਾਲਕ ਹਨ। ਇਹ ਪ੍ਰਗਟਾਵਾ ਸੁਪਰੀਮ ਕੋਰਟ ਵਿੱਚ ਫੈਡਰਲ ਇਨਵੈਸਟੀਗੇਸ਼ਨ ਏਜੰਸੀ (ਐੱਫ ਆਈ ਏ) ਵੱਲੋਂ ਪੇਸ਼ ਸੂਚੀ ਵਿੱਚ ਹੋਇਆ ਹੈ।



ਡਾਨ ਅਖਬਾਰ ਦੀ ਖਬਰ ਮੁਤਾਬਕ ਪਾਕਿਸਤਾਨ ਤੋਂ ਵਿਦੇਸ਼ਾਂ ਵਿੱਚ ਨਾਜਾਇਜ਼ ਢੰਗ ਨਾਲ ਹਵਾਲਾ ਕਾਰੋਬਾਰ ਨਾਲ ਸੰਬੰਧਤ ਕੇਸ ਦੀ ਸੁਣਵਾਈ ਕਰ ਰਹੇ ਸੁਪਰੀਮ ਕੋਰਟ ਦੇ ਮੁੱਖ ਜੱਜ ਮੀਆਂ ਸਾਕਿਬ ਨਿਸਾਰ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ ਸਾਹਮਣੇ ਇਹ ਲਿਸਟ ਪੇਸ਼ ਕੀਤੀ ਗਈ। ਖਬਰ ਮੁਤਾਬਕ ਐਫ ਆਈ ਏ ਨੇ ਸੁਪਰੀਮ ਕੋਰਟ ਸਾਹਮਣੇ 44 ਲੋਕਾਂ ਦੀ ਲਿਸਟ ਪੇਸ਼ ਕੀਤੀ ਹੈ, ਜਿਸ ਵਿੱਚ ਉਨ੍ਹਾਂ ਲੋਕਾਂ ਦੇ ਨਾਂਅ ਹਨ, ਜਿਨ੍ਹਾਂ ਦੀ ਦੂਜਿਆਂ ਦੇ ਨਾਂਅ 'ਤੇ ਜਾਇਦਾਦ ਹੈ। ਇਸ ਵਿੱਚ ਇਮਰਾਨ ਦੀ ਭੈਣ ਅਲੀਮਾ ਖਾਨਮ ਦਾ ਨਾਂਅ ਹੈ, ਜਿਨ੍ਹਾਂ ਦੀ ਪਛਾਣ ਇੱਕ ਜਾਇਦਾਦ ਬੇਨਾਮੀਦਾਰ ਵਜੋਂ ਕੀਤੀ ਗਈ ਹੈ। ਉਨ੍ਹਾਂ ਦੇ ਨਾਂਅ 'ਤੇ ਇੱਕ ਨੋਟਿਸ ਈ-ਮੇਲ ਰਾਹੀਂ ਘਰ ਦੇ ਪਤੇ ਉੱਤੇ ਭੇਜਿਆ ਗਿਆ, ਪਰ ਉਨ੍ਹਾਂ ਦੇ ਨੌਕਰ ਨੇ ਦੱਸਿਆ ਕਿ ਉਹ ਵਿਦੇਸ਼ ਵਿੱਚ ਹਨ। ਅਖਬਾਰ ਮੁਤਾਬਕ ਲਿਸਟ ਵਿੱਚ ਆਰਥਕ ਤੇ ਊਰਜਾ ਮਾਮਲਿਆਂ ਦੇ ਸਰਕਾਰੀ ਬੁਲਾਰੇ ਫਾਰੁਖ ਸਲੀਮ ਦੀ ਮਾਂ ਦਾ ਨਾਂਅ ਵੀ ਹੈ। ਜਾਂਚ ਵਿੱਚ ਪਤਾ ਲੱਗਾ ਕਿ ਹਾਕਮ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਨੇਤਾ ਮੁਮਤਾਜ ਅਹਿਮਦ ਮੁਸਲਿਮ 16 ਜਾਇਦਾਦਾਂ ਦੇ ਮਾਲਕ ਹਨ ਅਤੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਮੰਤਰੀ ਰਹੇ ਅਮੀਨ ਫਹੀਮ ਦੀ ਵਿਧਵਾ ਰਿਜ਼ਵਾਨਾ ਅਮੀਨ ਕੋਲ ਯੂ ਏ ਈ ਦੇ ਰੀਅਲ ਅਸਟੇਟ ਮਾਰਕੀਟ ਵਿੱਚ ਚਾਰ ਜਾਇਦਾਦਾਂ ਹਨ। ਇਸ ਸੂਚੀ ਵਿੱਚ ਸਾਬਕਾ ਸੈਨੇਟਰ ਅਨਵਰ ਬੇਗ ਦੀ ਪਤਨੀ ਆਇਸ਼ਾ ਅਨਵਰ ਬੇਗ ਅਤੇ ਰਾਜਨੀਤਕ ਅਗੂ ਇਰਫਾਨੁੱਲਾਹ ਖਾਨ ਮਾਰਵਾਤ ਦਾ ਵੀ ਨਾਂਅ ਹੈ ਅਤੇ ਪੀ ਪੀ ਪੀ ਦੇ ਆਗੂ ਮਖਦੂਮ ਅਮੀਨ ਫਹੀਮ ਦੀਆਂ ਚਾਰ ਜਾਇਦਾਦਾਂ, ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ ਦੇ ਨਿੱਜੀ ਸਕੱਤਰ ਤਾਰਿਕ ਅਜ਼ੀਜ਼ ਦੀ ਧੀ ਤਾਹਿਰਾ ਮੰਜੂਰ ਦੀਆਂ ਛੇ ਜਾਇਦਾਦਾਂ ਹਨ। ਇਸ ਤੋਂ ਇਲਾਵਾ ਗਾਇਕ ਅਦਨਾਨ ਸਾਮੀ ਦੀ ਮਾਂ ਨੌਰੀਨ ਸਾਮੀ ਦੀਆਂ ਤਿੰਨ ਜਾਇਦਾਦਾਂ ਹਨ।

Honesty, Reliability, Commitment
HomeLife SilverCity
"Open House Until Sold"
Hira Randhawa
Broker
○ 1 yr Home Warranty
○ 40% Discount on Brand Name
○ Appliances & Furniture
○ Free Evaluation & Lowest Commission
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585

$739,900 — Morning Star/Airport
Great Opportunity For 1st Time Buyers. Newly Renovated W/Granite Counter Top, S/S Appliances, Range Hood, No Carpet In The House, Close To School, 421/401, Westwood Mall, 2 Basement Apartment. Potential Income Of $1800/Month From Bsmnt.

$619,000 — Wanless & Mclaughlin
Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities

$615,000 — Hwy 10/ Sandalwood
A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.

$699,900 — Chinguacousy/Queen
Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa, Travel Insurance
Call: 416.319.0551

## ਅਮਰੀਕਾ ਵਿੱਚ ਫਾਇਰਿੰਗ ਦੇ ਕਾਰਨ ਅੱਠ ਯਹੂਦੀਆਂ ਦੀ ਮੌਤ

ਵਾਸ਼ਿੰਗਟਨ, 28 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਪਿਟਸਬਰਗ ਸ਼ਹਿਰ ਵਿੱਚ ਕੱਲ੍ਹ ਇੱਕ ਯਹੂਦੀ ਪ੍ਰਾਰਥਨਾ ਘਰ ਵਿੱਚ ਹੋਈ ਫਾਇਰਿੰਗ ਵਿੱਚ ਅੱਠ ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਜ਼ਖਮੀਆਂ ਵਿੱਚ ਤਿੰਨ ਪੁਲਸ ਅਧਿਕਾਰੀ ਵੀ ਸ਼ਾਮਲ ਹਨ। ਪੁਲਸ ਨਾਲ ਹੋਏ ਮੁਕਾਬਲੇ ਵਿੱਚ ਜ਼ਖਮੀ ਹੋਇਆ ਹਮਲਾਵਰ ਫੜ ਲਿਆ ਗਿਆ ਹੈ। ਉਸ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਉਹ ਦਾੜ੍ਹੀ ਵਾਲਾ ਗੋਰਾ ਵਿਅਕਤੀ ਹੈ।


ਘਟਨਾ ਸਥਾਨ ਉਤੇ ਜਾਂਚ ਕਰਦੇ ਪੁਲਸ ਅਧਿਕਾਰੀ।

